# ਸੋਧ

ਅਕਤੂਬਰ 1981 (ਜਿਲਦ 10 ਨੰਬਰ 10)

**October 1981**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਹਰਨੇਕ ਧਾਲੀਵਾਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

10

# ਸੇਧ

- ਪਰੋਲਤਾਰੀ ਦਾ ਪੈਂਤੜਾ ਤੇ ਸਾਹਿਤਕਾਰ ਦਾ ਕਰਤਵ
- ਸਿੱਖ ਸਿਆਸਤ ਤੇ ਅਕਾਲੀ
- ਇਰਫ਼ਾਨ ਹਬੀਬ ਕੇਸ ਦਾ ਮਹੱਤਵ
- ਔਰਤ ਦੀ ਆਜ਼ਾਦੀ ਦੀ ਗੱਲ

ਅਤੇ

- ਅਜਮੇਰ ਸਿੰਘ ਔਲਖ ਦੀ ਕਹਾਣੀ
  "ਭੋਇੰ ਭਾਰ ਥੀਏ"

SEDH
October, 1981

Vol. 10, No. 10
Price : Rs 2.00

Edited, Printed & Published by Gurvel Singh Pannu, A/42, Defence Colony, New Delhi-110024, Ph. No. 626300 Printed at 'G. K. PRINTERS', 6/363, Geeta Colony Delhi-110031

# CAMPA COLA

THE

ONLY

ONE

**A Punjab Beverages Product**

**BOTTLERS OF CAMPA PRODUCTS**

180, INDUSTRIAL AREA

CHANDIGARH

Ph. Nos. 32513-17


ਇਸ ਅੰਕ ਵਿਚ


- ਦੋ ਗ਼ਜ਼ਲਾਂ (2) — ਦੇਵਿੰਦਰ ਜੋਸ਼
- ਆਏ ਇਨਕਲਾਬ ਕੁਰਾਹੇ ਕਿਉਂ ?—27
  ਪਰੋਲਤਾਰੀ ਪੈਂਤੜਾ ਤੇ ਸਾਹਿਤਕਾਰ ਦਾ ਕਰਤਵ (3) — ਕਿਸ਼ਨ ਸਿੰਘ
- ਸਿੱਖ ਸਿਆਸਤ ਤੇ ਅਕਾਲੀ-2 (11) — ਹਿੰਮਤ ਸਿੰਘ ਸੋਢੀ
- ਇਰਫ਼ਾਨ ਹਬੀਬ ਕੇਸ ਦਾ ਮਹੱਤਵ (18) — ਡਾ: ਕੇ. ਐਨ. ਰਾਜ
- ਕਹਾਣੀ—ਭੋਇੰ ਭਾਰ ਥੀਏ (24) — ਅਜਮੇਰ ਸਿੰਘ ਔਲਖ
- ਔਰਤ ਦੀ ਆਜ਼ਾਦੀ ਦਾ ਮਸਲਾ
  ਪ੍ਰਸੰਗ : ਦਲੀਪ ਕੌਰ ਟਿਵਾਣਾ ਦਾ ਨਾਵਲ
  "ਪੀਲੇ ਪੱਤਿਆਂ ਦੀ ਦਾਸਤਾਨ" (32) — ਕਿਸ਼ਨ ਸਿੰਘ
- ਪੁਸਤਕ ਰੀਵੀਊ : ਅਰਬ ਗਲੀ (49) — ਗ. ਸ. ਭੁੱਲਰ
  ਅੱਧੀ ਸਦੀ ਦਾ ਜ਼ਹਿਰ (50) — ਜਗਦੀਸ਼ ਕੌਸ਼ਲ
- ਲੇਖਕ/ਪਾਠਕ ਕਹਿੰਦੇ ਹਨ (52) — ਅਜਮੇਰ ਸਿੰਘ ਔਲਖ, ਡਾ: ਓ. ਪੀ. ਗੁਪਤਾ, ਜਗਮੋਹਨ ਸਿੰਘ ਜੱਗੀ

# ਦੋ ਗਜ਼ਲਾਂ

ਦੇਵਿੰਦਰ ਜੋਸ਼

੦

ਗੋਰੇ ਤਨ ਦੀ ਚਾਨਣੀ ਜਾਂ ਜ਼ੁਲਫਾਂ ਦੀ ਛਾਂ
ਚਾਰ ਦਿਨਾਂ ਦੀ ਖੇਡ ਹੈ ਐਵੇਂ ਉਲਝ ਗਿਆਂ

ਬਿੱਲੀ, ਇੱਲ, ਬਘਿਆੜਨੀ; ਉਸ ਦੇ ਕਿੰਨੇ ਰੂਪ
ਫਿਰ ਵੀ ਆਪਾਂ ਰਖਿਐ ਘੁੱਗੀ ਉਸ ਦਾ ਨਾਂ
ਘਰ ਘਰ ਅੰਦਰ ਝੂਮਦੇ ਅੱਜ ਕਾਗਜ਼ ਦੇ ਫੁੱਲ
ਐਵੇਂ ਉਮਰ ਗਵਾ ਲਈ ਮਹਿਕਾਂ ਢੂੰਡਦਿਆਂ
ਉਂਜ ਤਾਂ ਸਭ ਕੁਝ ਠੀਕ ਹੈ 'ਰਾਣੀ' ਤੇਰੇ ਬਾਦ
ਫਿਰ ਵੀ ਮੈਨੂੰ ਜਾਪਦੈ ਮੈਂ ਕੁਝ ਟੁੱਟ ਗਿਆਂ
ਕੁਰਸੀ ਉਤੇ ਬੈਠ ਕੇ ਆਖ ਰਿਹਾ ਸੀ ਊਠ
ਦੁਨੀਆਂ ਦੇ ਵਿਚ ਹੋਏਗਾ ਇਕ ਦਿਨ ਆਪਣਾ ਨਾਂ
ਮਾਰੂਥਲ ਵਿਚ ਘਿਰ ਗਏ ਜਦੋਂ 'ਦਵਿੰਦਰ ਜੋਸ਼'
ਉਸ ਦਿਨ ਚੇਤੇ ਆਏਗੀ ਬੁੱਢੇ ਰੁੱਖ ਦੀ ਛਾਂ।

੦ ੦ ੦

ਮਹਿਲਾਂ ਅੰਦਰ ਬੈਠ ਕੇ ਸੋਚਣ ਕੁਛ ਅਦੀਬ
ਯੁਗ ਬਦਲਨ ਤੇ ਲਿਖਾਂਗੇ ਮਜ਼ਦੂਰਾਂ ਦੀ ਵਾਰ
ਉਦਘਾਟਨ ਦੇ ਵਾਸਤੇ ਰਿਹੈ ਮਨਿਸਟਰ ਪਹੁੰਚ
ਮੰਦਰ ਲਾਗੇ ਖੁਲ੍ਹੇਗੀ ਹੋਰ ਨਵੀਂ ਇਕ 'ਬਾਰ'

ਪਰਬਤ ਸੰਗ ਟਕਰਾਉਣ ਦੀ ਭੜਕ ਰਹੀ ਏ ਅੱਗ
ਪਲ ਦੋ ਪਲ ਲਈ ਦੋਸਤੋ ਹੋ ਗਈ ਭਾਵੇਂ ਹਾਰ।





"ਸਾਹਿੱਤ ਤੇ ਕਲਾ, ਅਜ ਦੀ ਦੁਨੀਆਂ ਵਿਚ, ਜਾਂ ਪਰੋਲਤਾਰੀਆ ਦੀ ਅਤੇ ਜਾਂ ਬੁਰਜੁਆਜ਼ੀ ਦੀ ਸੇਵਾ ਕਰਦੇ ਹਨ।" —ਚੂ ਲਾਨ

# ਪਰੋਲਤਾਰੀ ਪੈਂਤੜਾ ਤੇ ਸਾਹਿਤਕਾਰ ਦਾ ਕਰਤਵ

ਕਿਸ਼ਨ ਸਿੰਘ

ਪਰੋਲਤਾਰੀ ਦੇ ਪੈਂਤੜੇ ਦੀ ਮੰਗ ਦਾ ਮਸਲਾ ਵਾਰਸ ਸ਼ਾਹ ਦੀ ਮਿਸਾਲ ਲਿਆਂ ਸਾਫ ਹੋ ਜਾਂਦਾ ਹੈ। ਵਾਰਸ ਸ਼ਾਹ ਇਸ਼ਕ ਨੂੰ, ਆਸ਼ਕਾਂ ਨੂੰ ਨਾਇਕ ਤੇ ਨਾਇਕਾ ਬਣਾਉਂਦਾ ਹੈ। ਇਕ ਨੁਕਤੇ ਤੋਂ ਉਹ ਬੰਦਿਆਂ ਵਰਗੇ ਬੰਦੇ ਹਨ। ਹੋਰ ਮੁਟਿਆਰਾਂ ਵਾਂਗ ਹੀਰ ਵੀ ਜੁੱਤੀ ਪਹਿਲਾਂ ਇਕ ਪੈਰ ਤੇ ਫੇਰ ਦੂਸਰੇ ਪੈਰ ਪਾਉਂਦੀ ਹੋਵੇਗੀ ਅਤੇ ਸੱਜੇ ਖੱਬੇ ਨੂੰ ਅੱਗੇ ਪਿਛੇ ਕਰ ਕੇ, ਹੋਰਨਾਂ ਵਾਂਗ ਹੀ ਤੁਰਦੀ ਹੋਵੇਗੀ। ਰਾਂਝਾ ਵੀ ਹੋਰਨਾਂ ਵਾਂਗ ਖਾਂਦਾ, ਪੀਂਦਾ, ਤੇ ਆਈ ਨੀਂਦੇ ਸੌਂਦਾ ਹੋਵੇਗਾ। ਰੱਬ ਦੇ ਬੰਦੇ ਹੁੰਦੇ ਹੋਏ ਉਹ ਬਹੁਤ ਕੁਝ ਸਾਡੇ ਤੁਹਾਡੇ ਵਾਂਗ ਹੀ ਕਰਦੇ ਹੋਣਗੇ। ਉਹਨਾਂ ਦੀ ਐਸੀ ਕਰਨੀ, ਉਹਨਾਂ ਨੂੰ ਨਾਇਕ ਤੇ ਨਾਇਕਾ ਨਹੀਂ ਬਣਾਉਂਦੀ। ਉਹਨਾਂ ਨੂੰ ਨਾਇਕ ਤੇ ਨਾਇਕਾ ਬਣਾਉਂਦਾ ਹੈ—ਉਹਨਾਂ ਦਾ ਇਸ਼ਕ ਤੇ ਇਸ਼ਕ ਵਿਚ ਉਹਨਾਂ ਦੀ ਪਕਿਆਈ। ਸਾਨੂੰ ਵਾਸਤਾ ਹੈ ਉਹਨਾਂ ਦੇ ਇਸ਼ਕ ਨਾਲ, ਉਹਨਾਂ ਦੇ ਇਸ਼ਕ ਦੇ ਤੱਕੜ ਚੜ੍ਹਨ ਨਾਲ, ਤੇ ਉਸ 'ਤੇ ਪੂਰਿਆਂ ਉਤਰਨ ਨਾਲ, ਇਸ਼ਕ ਵਿਚ ਉਹਨਾਂ ਦੇ ਫ਼ਿਨਾਹ-ਫਿੱਲਾ ਹੋਣ ਨਾਲ। ਇਕ ਵੇਰ ਇਸ਼ਕ ਦੇ ਹੋ ਕੇ ਉਹ ਇਸ਼ਕ ਤੋਂ ਬਗ਼ੈਰ ਜੀਊਂ ਹੀ ਨਹੀਂ ਸਕਦੇ। ਇਸ਼ਕ ਤੋਂ ਬਗ਼ੈਰ ਉਹਨਾਂ ਦੀ ਜ਼ਿੰਦਗੀ ਮੁਮਕਿਨ ਹੀ ਨਹੀਂ। "ਨੀਂ ਮੈਂ ਜੀਵੰਦੀ ਏਸ ਬਿਨ ਰਹਾਂ ਕੀਕਰ, ਘੋਲ ਘੋਲ ਘੱਤੀ ਰਾਂਝੇ ਯਾਰ ਉਤੋਂ।" ਇਸ਼ਕ ਦੇ ਲੜ ਲਗ ਕੇ ਪਿਛਾਂਹ ਦੇਖਣ, ਉਸ ਤੋਂ ਮੂੰਹ ਮੋੜ ਲੈਣ ਦਾ ਸਬਕ ਉਹਨਾਂ ਪੜ੍ਹਿਆ ਹੀ ਨਹੀਂ। "ਵਾਰਸ ਸ਼ਾਹ ਨਾ ਮੁੜਾਂ ਰੰਝੇਟੜੇ ਥੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।" ਇਸ਼ਕ ਦੇ ਲੱੜ ਲੱਗਿਆਂ ਉਹਨਾਂ ਨਾਲ ਕੀ ਬੀਤੇਗੀ, ਇਸ ਬਾਬਤ ਉਹਨਾਂ ਨੂੰ ਕੋਈ ਭੁਲ ਨਹੀਂ। "ਸਿਰ ਦਿਤਿਆਂ ਬਾਝ ਨਾ ਇਸ਼ਕ ਪੱਕੇ, ਨਾਹੀਂ ਇਹ ਸੁਖਾਲੀਆਂ ਯਾਰੀਆਂ ਵੇ।" ਪਰ ਮੁਸ਼ਕਲਾਂ, ਮੁਸੀਬਤਾਂ ਤੋਂ ਡਰ ਕੇ ਇਸ਼ਕ ਤੋਂ ਭੱਜ ਜਾਣਾ ਉਹਨਾਂ ਦੀ ਕਿਤਾਬ ਵਿਚ ਹੀ ਨਹੀਂ। "ਭਾਬੀ ਇਸ਼ਕ ਤੋਂ

ਨੱਸ ਕੇ ਉਹ ਜਾਂਦੇ, ਪੁਤ੍ਰ ਹੋਣ ਜੋ ਕਿਸੇ ਕੰਗਾਲ ਦੇ ਨੀਂ।''

ਇਸ਼ਕ ਨੂੰ, ਰਾਂਝੇ ਤੇ ਹੀਰ ਨੂੰ ਨਾਇਕ ਤੇ ਨਾਇਕਾ ਬਣਾ ਕੇ ਵਾਰਸ ਸ਼ਾਹ ਕਰ ਕੀ ਗਿਆ ਹੈ? ਕਿਸੇ ਤਰ੍ਹਾਂ ਬਤੌਰ ਇਨਸਾਨ ਸਾਡੀ ਤਕਦੀਰ ਨੂੰ, ਉਹਨਾਂ ਦੀ ਤਕਦੀਰ ਨਾਲ ਜੋੜ ਗਿਆ ਹੈ। ਕਲਪਨਾ ਦੀ ਪੱਧਰ 'ਤੇ ਆਸ਼ਕਾਂ ਦੀ ਹੱਡਬੀਤੀ ਨੂੰ ਸਾਡੀ ਹੱਡਬੀਤੀ ਬਣਾ ਕੇ ਸਾਨੂੰ ਅਹਿਸਾਸ ਕਰਵਾ ਗਿਆ ਹੈ ਕਿ ਜੀਊਣ ਦਾ ਅਸਲੀ ਰਾਹ ਇਸ਼ਕ ਵਾਲਾ ਰਾਹ ਹੈ। ਜ਼ਿੰਦਗੀ ਦਾ ਆਦਰਸ਼, ਉਸ ਦਾ ਨਿਸ਼ਾਨਾ ਇਸ਼ਕ ਹੈ, ਆਜ਼ਾਦੀ ਹੈ। ਰਬੋਂ ਜੱਗ ਦਾ ਮੂਲ ਇਸ਼ਕ ਹੈ। ''ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।'' ਜਿਸ ਇਸ਼ਕ ਨੂੰ ਇਹ ਆਸ਼ਕ ਆਪਣੀ ਹਿੱਕ ਨਾਲ ਲਾਈ ਬੈਠੇ ਹਨ, ਜਿਸ ਨੂੰ ਆਪਣਾ ਆਪ ਬਣਾਈ ਬੈਠੇ ਹਨ ਇਹ ਮਨੁਖ-ਜਾਤੀ ਦੀ ਉਹ ਸੱਧਰ ਹੈ ਜਿਸ ਦੀ ਖਿੱਚੀ, ਆਪਣੀ ਨਿਜਾਤ ਤੇ ਬੰਦ-ਖਲਾਸ ਵਾਸਤੇ ਉਹ ਅਗਾਂਹ ਨੂੰ ਜਦੋ-ਜਹਿਦ ਕਰੀ ਜਾਂਦੀ ਹੈ। ਜਿਸ ਇਸ਼ਕ ਨੂੰ ਇਹ ਆਸ਼ਕ ਆਪਣੀ ਜਿੰਦ-ਜਾਨ ਬਣਾਈ ਬੈਠੇ ਹਨ ਤੇ ਜਿਸ 'ਤੇ ਇਹ ਆਪਣੀ ਜਾਨ ਘੋਲ ਘੁਮਾਉਂਦੇ ਹਨ, ਇਹ ਉਹ ਵਸਤੂ ਹੈ ਜੋ ਮਨੁਖੀ ਸੰਭਾਵਨਾ ਦੀਆਂ ਹੱਦਾਂ ਨੂੰ ਵਿਸ਼ਾਲ ਤੇ ਵਸੀਹ ਕਰਦੀ ਹੈ। ਇਸ ਦਾ ਰਾਹ ਉਹ ਰਾਹ ਹੈ ਜਿਸ ਦੇ ਬਗ਼ੈਰ ਜੀਊਣਾ ਹਰਾਮ ਹੈ। ''ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ। ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।''

ਆਪਣੇ ਇਸ਼ਕ ਵਿਚ ਇਹਨਾਂ ਆਸ਼ਕਾਂ ਦੀ ਪਕਿਆਈ ਕਿਸ ਸਮਾਜਕ ਅਸਲੀਅਤ ਦਾ ਅਕਸ ਹੈ? ਇਹ ਲੋਕਾਂ ਦੀ ਫਿਊਡਲ ਦੇ ਵਿਰੁਧ ਉਸ ਲਾਈ ਸਿਰ ਧੜ ਦੀ ਬਾਜ਼ੀ ਦਾ ਅਕਸ ਹੈ ਜਿਸ ਦੀ ਬਾਬਤ ਗੁਰੂ ਨਾਨਕ ਨੇ ਉਹਨਾਂ ਨੂੰ ਆਗਾਹ ਮੁਢੋਂ ਹੀ ਕਰ ਦਿਤਾ ਸੀ। ''ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ। ਇਤੁ ਮਾਰਗਿ ਪੈਰ ਧਰੀਜੈ। ਸਿਰ ਦੀਜੈ ਕਾਣਿ ਨ ਕੀਜੈ।'' (1411) ਇਹਨਾਂ ਆਸ਼ਕਾਂ ਦੀ ਆਪਣੇ ਇਸ਼ਕ ਵਿਚ ਪਕਿਆਈ ਦਾ ਅਸਰ ਕੀ ਹੈ? ਅਸਰ ਇਹ ਹੈ ਕਿ ਜਮਾਤੀ ਸਮਾਜ ਵਿਚ ਇਸ਼ਕ (ਆਜ਼ਾਦੀ) ਸਸਤੀ ਦੰਮੀਂ ਨਹੀਂ ਮਿਲ ਜਾਂਦੀ। ਇਸ ਦੀ ਪਰਾਪਤੀ ਸਿਰਾਂ ਦੇ ਸੌਦੇ ਕਰਵਾਉਂਦੀ, ਸਿਰ ਤਲੀ 'ਤੇ ਰਖਵਾਉਂਦੀ ਹੈ। ਇਸ਼ਕ ਨੂੰ ਨਾਇਕ ਬਣਾ ਕੇ ਵਾਰਸ ਸ਼ਾਹ ਜ਼ਿੰਦਗੀ ਨੂੰ, ਸਾਰੇ ਬੰਦਿਆਂ ਨੂੰ, ਉਹਨਾਂ ਦੀਆਂ ਕਰਨੀਆਂ ਨੂੰ ਰਾਂਝੇ ਤੇ ਹੀਰ ਦੀਆਂ ਅੱਖਾਂ ਰਾਹੀਂ ਸਾਨੂੰ ਵਿਖਾ ਗਿਆ ਹੈ, ਮਹਿਸੂਸ ਕਰਵਾ ਗਿਆ ਹੈ। ਇਸ਼ਕ ਦੇ ਛਾਨਣੇ ਥਾਣੀ ਸਭਸ ਨੂੰ ਛਾਣ ਗਿਆ ਹੈ। ਉਸ ਦੀ ਕਸਵੱਟੀ ਨਾਲ ਚੰਗੇ ਮਾੜੇ ਦੀਆਂ ਮੋਹਰਾਂ ਲਾ ਗਿਆ ਹੈ। ਸਾਨੂੰ ਚੰਗੇ ਉਹ ਤੇ ਉਸ ਹੱਦ ਤਕ ਹੀ ਲਗਦੇ ਹਨ ਜੋ ਉਹਨਾਂ ਦੇ ਇਸ਼ਕ ਦੇ ਹਾਮੀ ਹਨ। ਉਹਨਾਂ ਦੇ ਇਸ਼ਕ ਦੇ ਦੋਖੀ ਸਾਨੂੰ ਵਿਰੋਧੀ ਮਹਿਸੂਸ ਹੁੰਦੇ ਹਨ। ਕੈਦੋ ਸਾਨੂੰ ਇਹਨਾਂ ਵਰਗਾ ਲਗਦਾ ਹੈ।

ਵਾਰਸ ਸ਼ਾਹ ਸਾਨੂੰ ਅਹਿਸਾਸ ਕਰਵਾ ਗਿਆ ਹੈ ਕਿ ਔਰਤ ਤੇ ਮਰਦ ਦਾ ਆਪਸ ਵਿਚ ਸਹੀ ਰਿਸ਼ਤਾ ਇਸ਼ਕ ਦਾ ਹੀ ਹੈ। ਅਸਲ ਵਿਆਹ ਇਸ਼ਕ ਦਾ ਜੋੜਿਆ ਹੋਇਆ ਜੋੜ ਹੀ ਹੈ। ਉਹ ਸਾਨੂੰ ਪ੍ਰਤਖ ਦਿਖਾ ਗਿਆ ਹੈ ਕਿ ਇਸ਼ਕ ਤੇ ਆਜ਼ਾਦੀ ਦੇ ਲੜ ਲਗ ਕੇ ਬੰਦੇ ਕਿਸ ਤਰ੍ਹਾਂ ਕੱਦਾਵਰ, ਸੂਰਮੇ, ਨਾਇਕ ਤੇ ਮਹਾਨ ਬਣ ਜਾਂਦੇ ਹਨ। ਕੈਸੀ ਸੂਰਮਗਤੀ ਵਿਖਾ ਜਾਂਦੇ ਹਨ। ਐਉਂ ਲਗਦਾ ਹੈ ਜਿਵੇਂ ਆਸ਼ਕਾਂ ਦੇ ਸੰਗ ਲਗ ਕੇ ਪਲੋ ਪਲੀ ਅਸੀਂ ਆਪ ਕੱਦ ਕਰੀ ਜਾਨੇ ਆਂ। ਜਿੰਨਾ ਚਿਰ ਉਹਨਾਂ ਨਾਲ ਸਾਂਝ ਰਹਿੰਦੀ ਹੈ ਸਾਨੂੰ ਐਉਂ ਮਹਿਸੂਸ ਹੁੰਦਾ ਹੈ ਜਿਵੇਂ ਦੁਨੀਆਂ ਦੀ ਕੋਈ ਤਾਕਤ ਨਹੀਂ ਜੋ ਸਾਨੂੰ ਨਿਵਾ ਸਕੇ, ਆਪਣੇ ਅਧੀਨ ਵਗਾਅ ਸਕੇ। ਆਸ਼ਕਾਂ ਦੇ ਹੋਣ ਨਾਲ ਮਨੁਖੀ ਸੰਭਾਵਨਾਵਾਂ ਹੀ ਵਸੀਹ ਹੋਈਆਂ ਨਹੀਂ ਲਗਦੀਆਂ, ਸਾਡੀਆਂ ਆਪਣੀਆਂ ਸੰਭਾਵਨਾਵਾਂ ਵੀ



ਵਿਸ਼ਾਲ ਹੋਈਆਂ ਮਹਿਸੂਸ ਹੁੰਦੀਆਂ ਹਨ। ਜਿਵੇਂ ਸਾਡੀਆਂ ਆਪਣੀਆਂ ਬਾਹਵਾਂ ਵੀ ਲੰਮੀਆਂ ਹੋ ਗਈਆਂ ਹੋਣ।

ਵਾਰਸ ਸ਼ਾਹ ਕੁਰਾਨ ਦੇ ਰੱਬ ਦੀ ਸੰਸਾਰਕ ਰੂਪ ਵਿਚ ਤਰਜਮਾਨੀ ਕਰ ਗਿਆ ਹੈ—ਜੋ ਕੁਰਾਨ ਦੇ ਰੱਬ ਦੀ ਵਸਤੂ ਉਸ ਨੇ ਸਮਝੀ—ਆਪਣੇ ਸੂਫੀਵਾਦ ਦੀ—'ਇਹ ਮਾਅਨੇ ਸਭ ਕੁਰਾਨ ਦੇ ਨੇ, ਜਿਹੜੇ ਸ਼ਿਅਰ ਮੀਏਂ ਵਾਰਸ ਸ਼ਾਹ ਦੇ ਨੀ' ਉਹ ਕੁਰਾਨ ਦੇ ਰੱਬ ਨੂੰ ਆਜ਼ਾਦ ਔਰਤ ਤੇ ਆਜ਼ਾਦ ਮਰਦ ਦੇ ਆਪਸੀ ਜਿਨਸੀ ਰਿਸ਼ਤੇ, ਇਸ਼ਕ ਦੀ ਸ਼ਕਲ ਵਿਚ ਮੂਰਤੀਮਾਨ ਕਰ ਗਿਆ ਹੈ। 'ਰਾਂਝੇ ਰੱਬ ਦੇ ਵਿਚ ਜੇ ਫਰਕ ਜਾਣਾ ਦਰਜੇ ਇਸ਼ਕ ਦੇ ਨਹੀਂ ਡਰੀਣ ਕਾਜ਼ੀ'। ''ਜੀਉ ਆਸ਼ਕਾਂ ਦਾ ਅਰਸ਼ ਰੱਬ ਦਾ ਈ, ਕਾਜ਼ੀ ਅਰਸ਼ ਖੁਦਾਇ ਦਾ ਢਾਹ ਨਾਹੀ।' ਉਸ ਨੇ ਕੁਰਾਨ ਦੇ ਰੱਬ ਨੂੰ ਮਨੁਖੀ ਜਾਮਾਂ ਪਹਿਨਾਇਆ ਹੈ। ਉਸ ਨੂੰ ਹੀਰ ਤੇ ਰਾਂਝਾ ਬਣਾ ਕੇ ਕਾਬਜ਼ ਨਿਜ਼ਾਮ ਦੇ ਵਿਰੁਧ ਲੜਾਇਆ ਹੈ। ਵਾਰਸ ਸ਼ਾਹ ਦੇ ਸੂਫੀਵਾਦ ਦੇ ਰੱਬ ਦੀ ਸਮਾਜਕ ਮਨੁਖੀ ਵਸਤੂ, ਉਸ ਦਾ ਜਮਾਤੀ ਪੈਂਤੜਾ ਸਪਸ਼ਟ ਹੈ। 'ਤਦੋਂ ਫੌਜ ਈਮਾਨ ਦੀ ਨਸ ਚਲੀ, ਜਦੋਂ ਹਿਰਸ ਤੇ ਤਮਾ ਨੇ ਜ਼ੋਰ ਕੀਤੇ।'

ਹਰ ਨਿਜ਼ਾਮ ਆਪਣੇ ਬੁਨਿਆਦੀ ਰਿਸ਼ਤਿਆਂ ਨੂੰ ਤੇ ਉਹਨਾਂ 'ਤੇ ਆਧਾਰਤ ਉਹਨਾਂ ਨੂੰ ਅਮਲੀ ਸ਼ਕਲ ਦੇਂਦੀਆਂ ਬੁਨਿਆਦੀ ਸੰਸਥਾਵਾਂ ਨੂੰ ਪਵਿਤਰ ਕਰਾਰ ਦੇਂਦਾ ਹੈ। ਵਾਹ ਲਗਦੀ, ਕਿਸੇ ਹਾਲਤ ਵਿਚ ਵੀ ਉਹਨਾਂ ਨੂੰ ਲੋਕਾਂ ਦੇ ਮਨੋਂ ਨਹੀਂ ਲਹਿਣ ਦੇਂਦਾ। ਸੰਸਥਾ ਭਾਵੇਂ ਸਟੇਟ ਹੋਵੇ, ਭਾਵੇਂ ਵਿਚਾਰਧਾਰਕ ਕਲਚਰਲ ਅਡੰਬਰ ਤੇ ਉਹਨਾਂ ਨੂੰ ਅਮਲੀ ਸ਼ਕਲ ਦੇਂਦੇ ਰਸਮੋ ਰਿਵਾਜ, ਮਜ਼ੁਬੀ ਚੇਤਨਤਾ ਦੇ ਸਮੇਂ ਮਜ਼ੁਬ, ਤੇ ਔਰਤ ਤੇ ਮਰਦ ਦਾ ਜਿਨਸੀ ਰਿਸ਼ਤਾ—ਵਿਆਹ—ਲੋੜ ਪੈਣ 'ਤੇ ਉਹ ਉਹਨਾਂ ਦੀ ਤਾਕਤ ਨਾਲ ਵੀ ਰਾਖੀ ਕਰਦਾ ਹੈ। ਆਪਣੀ ਜਾਨ ਦੀ ਰਾਖੀ ਵਾਸਤੇ ਉਸ ਦਾ ਆਪਣੀਆਂ ਬੁਨਿਆਦੀ ਸੰਸਥਾਵਾਂ ਦੀ ਰਾਖੀ ਕਰਨਾ ਸਹੀ ਹੁੰਦਾ ਹੈ। ਜੇ ਬੁਨਿਆਦੀ ਸੰਸਥਾਵਾਂ ਹੀ ਫਿਸ ਦੇ ਬਹਿ ਜਾਣ ਤਾਂ ਉਹ ਜੀਊਂਦਾ ਰਹਿ ਹੀ ਨਹੀਂ ਸਕਦਾ।

ਵਾਰਸ ਸ਼ਾਹ ਇਸ਼ਕ ਨੂੰ, ਹੀਰ ਤੇ ਰਾਂਝੇ ਨੂੰ ਨਾਇਕਾ ਤੇ ਨਾਇਕ ਬਣਾ ਕੇ ਕੀ ਕਰ ਗਿਆ ਹੈ? ਉਹ ਔਰਤ ਤੇ ਮਰਦ ਦੇ ਪ੍ਰਚਲਤ ਕਿਸਮ ਦੇ ਜਿਨਸੀ ਰਿਸ਼ਤੇ ਨੂੰ, ਕਾਬਜ਼ ਨਿਜ਼ਾਮ ਦੇ ਅਨੁਸਾਰੀ ਜਿਨਸੀ ਰਿਸ਼ਤੇ ਨੂੰ ਖੇਹ ਵਿਚ ਰਲਾਅ ਗਿਆ ਹੈ। ਸੈਦੇ ਖੇੜੇ ਨਾਲ ਹੀਰ ਦਾ ਨਕਾਹਿਆ ਹੋਇਆ ਰਿਸ਼ਤਾ ਹੈ। ਕਾਬਜ਼ ਨਿਜ਼ਾਮ ਦਾ ਕੀਤਾ ਹੋਇਆ, ਉਸ ਨੂੰ ਪ੍ਰਵਾਨ ਵਿਆਹ ਹੈ। ਉਸ ਦੀਆਂ ਅੱਖਾਂ ਵਿਚ ਸਹੀ ਹੈ, ਪਵਿਤਰ ਹੈ। ਸਾਨੂੰ ਉਸ ਦਾ ਕੱਚੀ ਕੌਡੀ ਜਿੰਨਾ ਵੀ ਅਰਥ ਨਹੀਂ ਲਗਦਾ। ਵਾਰਸ ਸ਼ਾਹ ਸਾਡੇ ਮਨ ਵਿਚ ਉਸ ਨਾਲ ਨਫਰਤ ਜਗਾ ਗਿਆ ਹੈ। ਦੂਸਰੇ ਪਾਸੇ ਨਵੀਂ ਕਿਸਮ ਦੇ ਜਿਨਸੀ ਰਿਸ਼ਤੇ ਨੂੰ—ਇਸ਼ਕ 'ਤੇ ਆਧਾਰਤ—ਬੇਨਿਕਾਹੇ ਰਿਸ਼ਤੇ ਨੂੰ ਪਾਠਕਾਂ ਦੇ ਮਨ ਨੂੰ ਪ੍ਰਵਾਨ ਕਰਵਾ ਗਿਆ ਹੈ। ਉਸ ਨੂੰ ਉਹਨਾਂ ਦੇ ਜਜ਼ਬੇ ਦੀ ਪੁਸ਼ਟੀ ਕਰਵਾ ਗਿਆ ਹੈ। ਨਿਕਾਹੇ ਹੋਏ ਰਿਸ਼ਤੇ ਨੂੰ ਘੱਟੇ-ਕੌਡੀਆਂ ਰਲਾਅ ਗਿਆ ਹੈ ਤੇ ਬੇਨਿਕਾਹੇ ਨੂੰ, ਇਸ਼ਕ 'ਤੇ ਆਧਾਰਤ ਰਿਸ਼ਤੇ ਨੂੰ ਸਹੀ ਸੱਚਾ ਰਿਸ਼ਤਾ ਕਰ ਕੇ ਮੰਨਵਾ ਗਿਆ ਹੈ। ਉਸ ਨੂੰ ਅਸਮਾਨ 'ਤੇ ਚੜ੍ਹਾ ਗਿਆ ਹੈ। ਕਾਬਜ਼ ਨਿਜ਼ਾਮ ਦੇ ਵਿਰੁਧ ਇਹ ਕਾਰਾ ਕਰ ਗਿਆ ਹੈ। ਜਮਾਤੀ ਸਮਾਜ ਦੇ ਅਨੁਸਾਰੀ ਰਿਸ਼ਤੇ ਦੇ ਸਿਰ ਸਵਾਹ ਪਾ ਕੇ ਉਸ ਨੂੰ ਲੋਕਾਂ ਦੇ ਮਨੋਂ ਲਾਹ ਜਾਣਾ, ਲੋਕਾਂ ਨੂੰ ਉਹ ਆਪਣਾ ਦੁਸ਼ਮਣ ਮਹਿਸੂਸ ਕਰਵਾ ਜਾਣਾ ਅਤੇ ਆਜ਼ਾਦੀ ਦੇ ਪੈਂਤੜੇ ਦੇ ਰਿਸ਼ਤੇ ਨੂੰ ਲੋਕਾਂ ਦਾ ਈਮਾਨ, ਉਹਨਾਂ ਦੇ ਸਿਰ ਦਾ ਸਾਈਂ ਬਣਾ ਜਾਣਾ—ਇਹ ਇਨਕਲਾਬੀ ਸਾਹਿਤ ਦਾ, ਆਜ਼ਾਦੀ ਦੇ ਪੈਂਤੜੇ ਵਾਲੇ ਸਾਹਿਤ ਦਾ ਕਰਤਵ ਹੈ, ਰੋਲ ਹੈ। ਪਰ ਹਰ ਨਵਾਂ ਰਿਸ਼ਤਾ ਸਹੀ ਨਹੀਂ ਹੁੰਦਾ। ਦੇਖਣਾ ਇਹ ਹੁੰਦਾ ਹੈ ਕਿ

ਨਵੇਂ ਰਿਸ਼ਤੇ ਦੀ ਜਮਾਤੀ ਵਸਤੂ ਕੀ ਹੈ ? ਉਹ ਕਿਸ ਜਮਾਤੀ ਪੈਂਤੜੇ ਦਾ ਹੈ ? ਆਜ਼ਾਦੀ ਦੇ ਪੈਂਤੜੇ ਦਾ ਰਿਸ਼ਤਾ ਹੀ ਸਹੀ ਹੁੰਦਾ ਹੈ। ਔਰਤ ਤੇ ਮਰਦ ਦਾ ਆਪਸ ਵਿਚ ਲਚਰਪੁਣੇ ਦਾ ਜਿਨਸੀ ਰਿਸ਼ਤਾ ਇਸ਼ਕ ਨਹੀਂ, ਔਰਤ ਦੀ ਆਜ਼ਾਦੀ ਨਹੀਂ। ਉਹ ਘੋਰ ਗਿਰਾਵਟ ਤੇ ਅਥਾਹ ਗ਼ੁਲਾਮੀ ਦਾ ਰਿਸ਼ਤਾ ਹੈ। ਵਾਰਸ ਸ਼ਾਹ ਤੇ ਉਸ ਦੇ ਨਾਇਕ ਨਾਇਕਾ ਐਸੇ ਰਿਸ਼ਤੇ ਦਾ ਪਰਛਾਵਾਂ ਵੀ ਨਹੀਂ ਸਹਾਰ ਸਕਦੇ।

ਪਰੋਲਤਾਰੀ ਦਾ ਪੈਂਤੜਾ ਆਪਣੇ ਪ੍ਰਤੀਨਿਧਾਂ ਨੂੰ, ਸਾਹਿਤ ਤੇ ਕਲਾ ਵਿਚ ਬਤੌਰ ਨਾਇਕਾਂ ਦੇ, ਪੇਸ਼ ਹੋਣ ਨੂੰ ਕਿਉਂ ਬੁਨਿਆਦੀ ਮਸਲਾ ਕਰਾਰ ਦੇਂਦਾ ਹੈ ? ਇਸ ਮੁਹਾਜ਼ 'ਤੇ ਆਪਣੀ ਸਰਦਾਰੀ ਵਾਸਤੇ ਕਿਉਂ ਇਹਨਾਂ ਨੂੰ ਲਾਜ਼ਮੀ ਸਮਝਦਾ ਹੈ ? ਕਲਾ ਤੇ ਸਾਹਿਤ ਵਿਚ ਪਰੋਲਤਾਰੀ ਦਾ ਪੈਂਤੜਾ ਆਪਣੇ ਪ੍ਰਤੀਨਿਧਾਂ ਨੂੰ ਨਾਇਕ ਇਸ ਵਾਸਤੇ ਬਣਾਉਣਾ ਚਾਹੁੰਦਾ ਹੈ ਕਿ ਉਹਨਾਂ ਰਾਹੀਂ ਉਹ, ਆਪਣੀ ਆਜ਼ਾਦੀ ਵਾਸਤੇ ਜੂਝਦੇ ਲੋਕਾਂ ਦੀ ਕਰਨੀ ਨੂੰ ਸਹੀ ਸ਼ਕਲ ਵਿਚ ਪੇਸ਼ ਕਰ ਸਕੇ ਅਤੇ ਅਸੀਂ ਜ਼ਿੰਦਗੀ ਨੂੰ, ਸਮਾਜ ਦੀਆਂ ਸਭ ਜਮਾਤਾਂ ਤੇ ਉਹਨਾਂ ਦੇ ਕਰਤਵ ਨੂੰ, ਸਮਾਜ ਵਿਚ ਉਹਨਾਂ ਦੇ ਰੋਲ ਨੂੰ, ਸਮਾਜਕ ਮਨੁਖੀ ਜ਼ਿੰਦਗੀ ਦੇ ਪੇਸ਼ ਮਸਲਿਆਂ ਨੂੰ, ਉਹਨਾਂ ਦੇ ਹੱਲ ਨੂੰ, ਉਸ ਦੇ ਪ੍ਰਤੀਨਿਧ ਦੀਆਂ ਅੱਖਾਂ ਰਾਹੀਂ, ਉਸ ਦੇ ਹਿੱਤ ਦੀਆਂ ਅੱਖਾਂ ਰਾਹੀਂ ਵੇਖੀਏ, ਮਹਿਸੂਸ ਕਰੀਏ ਅਤੇ ਪੇਸ਼ ਮਸਲਿਆਂ ਦੇ ਹਲ ਵਾਸਤੇ ਉਸ ਦੇ ਪੈਂਤੜੇ ਦੇ ਮੁੱਦਈ ਹੋ ਜਾਈਏ। ਆਮ ਤੌਰ 'ਤੇ ਕਲਚਰ ਦਾ ਤੇ ਖ਼ਾਸ ਤੌਰ 'ਤੇ ਸਾਹਿਤ ਤੇ ਕਲਾ ਦਾ ਕਰਤਵ ਕੀ ਹੈ ? ਪਾਠਕ/ਦਰਸ਼ਕ ਦੇ ਦਿਲ ਦਿਮਾਗ਼ ਦੀ, ਮਨ ਦੇ ਵੇਗ ਦੀ ਕਾਇਆਂ-ਪਲਟੀ ਕਰਨਾ। ਉਸ ਦੇ ਮਨ ਨੂੰ ਮਨਾਅ ਲੈਣਾ ਕਿ ਉਲੀਕਿਆ ਜਾ ਰਿਹਾ ਰਾਹ, ਪੇਸ਼ ਕੀਤਾ ਜਾ ਰਿਹਾ ਨਜ਼ਰੀਆ ਸਹੀ ਹੈ। ਉਸ ਦੇ ਜਜ਼ਬੇ ਨੂੰ ਆਪਣੀ ਮੁਠ ਵਿਚ ਲੈ ਕੇ, ਲਿਆ ਉਸ ਨੂੰ ਆਪਣੇ ਪੈਂਤੜੇ 'ਤੇ ਭੁਗਤਾਉਣਾ। ਜਦੋਂ ਬਾਬਾ ਫਰੀਦ ਕਹਿੰਦਾ ਹੈ : "ਉਠ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ। ਸੋ ਸਿਰ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ।" ਅਤੇ "ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ। ਕੁੰਨੇ ਹੇਠ ਜਲਾਈਐ ਬਾਲਣ ਸੰਦੈ ਥਾਇ।" ਤਾਂ ਉਹ ਕਰ ਕੀ ਰਿਹਾ ਹੈ ? ਉਹ ਸਹੀ ਜ਼ਿੰਦਗੀ ਦੀ ਪਰੋਸਣੀ ਕਰ ਰਿਹਾ ਹੈ। ਉਹ ਆਪਣੇ ਰੱਬ ਦੇ, ਆਪਣੇ ਨਾਇਕ ਦੇ ਰਾਹ ਨੂੰ ਬੰਦੇ ਦੀ ਜ਼ਿੰਦਗੀ ਦਾ ਨਿਸ਼ਾਨਾ ਹੀ ਨਹੀਂ ਬਣਾ ਰਿਹਾ, ਉਸ ਵਲ ਪੂਰਨ ਵਫਾਦਾਰੀ ਨੂੰ ਸਮਾਜਕ ਮਨੁਖੀ ਅਮਲ ਦਾ ਪੈਮਾਨਾ ਬਣਾ ਰਿਹਾ ਹੈ। ਦੁਧੋਂ ਪਾਣੀ ਅੱਡ ਕਰ ਰਿਹਾ ਹੈ। ਆਪਣੇ ਨਾਇਕ ਦੇ ਵਿਰੋਧੀ ਰਾਹ ਨੂੰ ਖਾਰੇ ਸਮੁੰਦਰ ਵਿਚ ਸੁਟ ਰਿਹਾ ਹੈ। ਉਸ ਦੀ ਜੜ੍ਹ ਮੇਖ ਹੀ ਖਤਮ ਕਰ ਰਿਹਾ ਹੈ। ਉਸ ਦੇ ਪੈਰਾਂ ਹੇਠ ਕਿਤੇ ਭੋਰਾ ਭਰ ਜ਼ਮੀਨ ਵੀ ਨਹੀਂ ਰਹਿਣ ਦੇ ਰਿਹਾ।

ਫਰੀਦ ਦੁਨੀਆਂ ਨੂੰ, ਬੰਦੇ ਦੀ ਜ਼ਿੰਦਗੀ ਨੂੰ ਆਪਣੇ ਰੱਬ ਦੇ, ਆਪਣੇ ਨਾਇਕ ਦੇ ਸੱਚੇ ਵਿਚ ਢਾਲ ਰਿਹਾ ਹੈ। ਆਪਣੀ ਰਚਨਾ ਵਿਚ ਆਪਣੇ ਨਾਇਕ ਦੇ ਰਾਹੇ ਪੈਣ ਦੀ ਜਦੋ-ਜਹਿਦ ਨੂੰ ਮੂਰਤੀਮਾਨ ਕਰਦਾ ਹੋਇਆ ਉਸ ਦੀ ਸਿਖਰ ਨੂੰ ਲਿਆ ਵਿਖਾ ਰਿਹਾ ਹੈ। ਦੁਨੀਆਂ ਸ਼ੈਤਾਨ ਨੇ 'ਵੰਞਾਈ' ਹੋਈ ਹੈ। ਸਵਾਲ ਉਸ ਨੂੰ ਉਸ ਦੇ ਪੰਜੇ ਵਿਚੋਂ ਕਢਣ ਦਾ ਹੈ। 'ਸਮਝਾ ਬੁਝਾ ਵੇਖੋ। "ਫਰੀਦਾ ਕੂਕੇਦਿਆਂ ਚਾਂਗੇਦਿਆ ਮਤੀ ਦੇਦਿਆ ਨਿਤ। ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ।" ਜੇ ਇਹਨਾਂ ਵੰਞਾਇਆਂ ਹੋਇਆਂ ਦੇ ਖਾਨੇ ਗਲ ਨਾ ਹੀ ਬਹੇ, ਘੂਰ ਘੱਪ ਲਉ। ਧੌਲ ਧੱਫਾ ਵੀ ਕਰ ਵੇਖੋ। "ਫਰੀਦਾ ਜੋ ਤੈ ਮਾਰਨਿ ਮੁਕੀਆਂ, ਤਿਨ੍ਹਾ ਨ ਮਾਰੇ ਘੁੰਮਿ। ਆਪਨੜੈ ਘਰਿ ਜਾਈਐ, ਪੈਰ ਤਿਨ੍ਹਾ ਦੇ ਚੁੰਮਿ।" ਜਿਹੜੇ ਤਨੋਂ ਮਨੋਂ ਸ਼ੈਤਾਨ ਦੇ ਰਾਹ ਦੇ ਲੜ ਲੱਗੇ ਹੋਏ ਹੋਣ ਅਤੇ ਉਹ



ਰਾਹ ਛੱਡਣੋਂ ਆਕੀ ਹੋ ਰਹਿਣ ਤੇ ਸਮਾਜਕ ਮਨੁਖੀ ਜ਼ਿੰਦਗੀ ਨੂੰ ਨਰਕ ਬਣਾਉਣ 'ਤੇ ਤੁਲੇ ਹੀ ਰਹਿਣ ("ਫਰੀਦਾ ਮੈ ਜਾਨਿਆ ਦੁਖੁ ਮੁਝ ਕੁ, ਦੁਖੁ ਸਬਾਇਐ ਜਗਿ। ਊਚੇ ਚੜਿ ਕੈ ਦੇਖਿਆ, ਤਾਂ ਘਰਿ ਘਰਿ ਏਹਾ ਅਗਿ") ਅੰਤ ਉਹਨਾਂ ਵਲੋਂ ਅੱਖਾਂ ਤਾਂ ਮੀਟੀਆਂ ਨਹੀਂ ਜਾ ਸਕੀਦੀਆਂ। ਇਹਨਾਂ 'ਪੋਟਲੀ' ਵਾਲਿਆਂ ਨਾਲ ਅੰਤ ਨਜਿਠਣਾ ਹੀ ਪੈਣਾ ਹੈ। ਜਦੋਂ ਹੋਰ ਕੋਈ ਰਾਹ ਰਹੇ ਹੀ ਨਾ, ਅੰਤਲੀ ਸਟੇਜ ਆ ਹੀ ਜਾਵੇ ਤਾਂ ਸਿਰ ਧੜ ਦੀ ਲਾਉਣੀ ਹੀ ਪੈਣੀ ਹੈ। ਸਮਾਜਕ ਮਨੁਖੀ ਜ਼ਿੰਦਗੀ ਦੇ ਮਸਲੇ ਨੂੰ ਤਾਂ ਹਲ ਕਰਨਾ ਹੀ ਕਰਨਾ ਹੈ। ਇਸ ਦਾ ਹਲ ਹਾਲਾਤ ਦੇ ਪ੍ਰਸੰਗ ਵਿਚ ਜੋ ਵੀ ਕੀਮਤ ਮੰਗਦਾ ਹੋਵੇ ਉਹ ਦੇਣੀ ਹੀ ਦੇਣੀ ਹੈ। ਇਸ ਮਸਲੇ ਨੂੰ ਪਾਸਾ ਦੇ ਕੇ ਕਿਸੇ ਹਾਲਤ ਵਿਚ ਵੀ ਨਹੀਂ ਲੰਘਿਆ ਜਾ ਸਕਦਾ। ਜੋ ਵੀ ਕੀਮਤ ਦੇਣੀ ਪੈਣੀ ਹੈ ਉਹ ਦੇਣੀ ਹੀ ਦੇਣੀ ਹੈ ਅਤੇ ਉਹ ਕੀਮਤ ਦੇਣੀ ਸਹੀ ਵੀ ਹੈ।

ਸਾਹਿਤ ਚੂੰਕਿ ਜਜ਼ਬੇ ਦਾ, ਕਲਚਰ ਦਾ, ਸਹੀ ਗ਼ਲਤ ਦੀ ਪਰਖ ਦਾ ਮਸਲਾ ਹੈ। ਬਾਬਾ ਫਰੀਦ ਜਦੋ-ਜਹਿਦ ਦੇ ਪੜਾਉ ਪੜਾਈ ਤੋਰਦਾ ਹੋਇਆ ਪਾਠਕਾਂ ਦੇ ਜਜ਼ਬੇ ਨੂੰ ਇਸ ਸਟੇਜ 'ਤੇ ਪੁਚਾ ਦੇਂਦਾ ਹੈ ਕਿ ਮਸਲੇ ਦਾ ਹਲ ਅੰਤਲੀ ਕੀਮਤ ਦੀ ਮੰਗ ਕਰਦਾ ਹੈ। ਏਸ ਤਰ੍ਹਾਂ ਲੋਕਾਂ ਦੇ ਮਨਾਂ ਨੂੰ ਆਪਣੇ ਰੱਬ ਦੇ ਰਾਹੇ ਪਾ ਰਿਹਾ ਹੈ। ਉਨ੍ਹਾਂ ਦੇ ਜਜ਼ਬੇ ਨੂੰ ਲਾਮਬੰਦ ਕਰ ਰਿਹਾ ਹੈ। ਆਪਣੇ ਰੱਬ ਦੀਆਂ, ਆਪਣੇ ਨਾਇਕ ਦੀਆਂ ਕਦਰਾਂ-ਕੀਮਤਾਂ ਸਾਨ 'ਤੇ ਚੜ੍ਹਾ ਰਿਹਾ ਹੈ। ਆਪਣੇ ਸੱਚ ਦੀ ਆਵੀ ਵਿਚ ਪਾ ਕੇ ਪਕਾ ਰਿਹਾ ਹੈ। ਏਸ ਤਰ੍ਹਾਂ ਹੀ ਮੁਲਖੱਈਏ ਨੂੰ 'ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ' ਦੀ ਹਾਲਤ ਵਿਚੋਂ ਕੱਢ ਕੇ ਕਿਥੇ ਦਾ ਕਿਥੇ ਪੁਚਾ ਰਿਹਾ ਹੈ। ਸਾਹਿਤਕ ਰਚਨਾ ਪਾਠਕ ਨੂੰ ਮੋਟੇ ਤੌਰ 'ਤੇ ਆਪਣੇ ਨਾਇਕ ਦਾ ਹਾਮੀ ਬਣਾਉਂਦੀ ਹੈ। ਉਸ ਦੇ ਦਿਲ ਦਿਮਾਗ਼ ਨੂੰ, ਉਸ ਦੇ ਮਨ ਦੇ ਵੇਗ ਨੂੰ ਨਾਇਕ ਦੀਆਂ ਸਮਾਜਕ ਮਨੁਖੀ ਕਦਰਾਂ-ਕੀਮਤਾਂ ਦੇ ਰਾਹੇ ਤੋਰਦੀ ਹੈ।

ਹੁਣ ਸਵਾਲ ਇਹ ਹੈ ਕਿ ਪਰੋਲਤਾਰੀ ਦੇ ਪੈਂਤੜੇ ਦੇ ਨਾਇਕਾਂ ਰਾਹੀਂ ਸਮਾਜਕ ਅਸਲੀਅਤ, ਸਮਾਜਕ ਵੇਗ ਦੀ ਡਾਇਲੈਕਟਿਕ ਪੇਸ਼ ਕਿਵੇਂ ਕਰਨੀ ਹੈ। ਮੋਟੇ ਤੌਰ 'ਤੇ ਪਰੋਸਣੀ ਸਾਫ ਹੈ। ਇਕ ਪਾਸੇ ਪਰੋਲਤਾਰੀ ਦਾ, ਸਰਬਤ ਦੀ ਆਜ਼ਾਦੀ ਦਾ ਪੈਂਤੜਾ ਹੈ ਅਤੇ ਦੂਸਰੇ ਪਾਸੇ ਉਸ ਦਾ ਵਿਰੋਧੀ, ਬੁਰਜੁਆ ਬੰਦੇ ਦੀ ਗ਼ੁਲਾਮੀ ਦਾ।[1] ਆਕਾਰ ਵਲੋਂ ਇਹਨਾਂ ਦੋਹਾਂ ਪੈਂਤੜਿਆਂ ਦਾ, ਪੈਂਤੜਿਆਂ ਵਾਲਿਆ ਦਾ ਆਪਸ ਵਿਚ ਤਵਾਜ਼ਨ ਕੁਝ ਵੀ ਹੋਵੇ, ਅਸੀਂ ਵੇਖਣਾ ਇਹ ਹੈ ਕਿ ਸਮਾਜਕ ਵੇਗ ਦੀ ਤੋਰ ਦੇ ਨੁਕਤੇ ਤੋਂ, ਜ਼ਿੰਦਗੀ ਦੀ ਉਸਾਰੀ ਦੇ ਨੁਕਤੇ ਤੋਂ ਸਮਾਜ ਦੀ ਡਾਇਲੈਕਟਿਕ ਦਾ ਮੁਖੀ ਜੁਜ਼, ਮੁਖੀ ਪਹਿਲੂ ਕਿਹੜਾ ਹੈ ? ਨਵਾਂ ਜੰਮ ਕਿਸ ਦਾ ਹੈ ? ਪੈਦਾ ਕਿਹੜਾ ਹੋ ਰਿਹਾ ਹੈ ? ਹੁੰਦੜ ਹੇਰ ਕੌਣ ਹੈ ? ਅੰਦਰੋਂ ਬਾਹਰੋਂ ਰਿਸ਼ਟ ਪੁਸ਼ਟ ਗਭਰੂ ਕਿਹੜਾ ਹੋ ਰਿਹਾ ਹੈ ? ਜ਼ਿੰਦਗੀ ਦਾ ਹੋਣ ਵਾਲਾ ਵਾਰਸ ਕੌਣ ਹੈ ? ਅਤ ਆਪਣੀ ਅਉਧ ਮੁਕਾ ਕੇ ਮੌਤ ਦੇ ਰਾਹੇ ਕਿਹੜਾ ਹੈ ? ਪਰੋਲਤਾਰੀ ਦੇ ਪੈਂਤੜੇ ਵਾਲੇ ਸਾਹਿਤਕਾਰ/ਕਲਾਕਾਰ ਨੇ ਸਮਾਜ ਦੀ ਡਾਇਲੈਕਟਿਕ ਦੀ ਮੁਖੀ ਜੁਜ਼, ਉਸ ਦੇ ਮੁਖੀ ਪਹਿਲੂ 'ਤੇ ਗਲ ਨੂੰ ਕੇਂਦਰਤ ਕਰਨਾ ਹੈ।[2] ਸਾਰੀ ਗੱਲ ਦਾ ਧੁਰਾ ਉਸ ਨੂੰ ਬਣਾਉਣਾ ਹੈ।

ਅੱਜ ਸਮਾਜ ਦੀ ਡਾਇਲੈਕਟਿਕ ਦਾ ਮੁਖੀ ਪਹਿਲੂ ਹੈ—ਜਾਗ ਰਿਹਾ ਪਰੋਲਤਾਰੀ ਦਾ ਪੈਂਤੜਾ, ਉਸ ਦਾ ਨਜ਼ਰੀਆ, ਉਸ ਦੀਆਂ ਕਦਰਾਂ-ਕੀਮਤਾਂ, ਉਹਨਾਂ ਕਦਰਾਂ-ਕੀਮਤਾਂ ਦੇ ਆਧਾਰ 'ਤੇ ਉੱਸਰ ਰਹੀਆਂ ਲੋਕਾਂ ਵਿਚ ਮਨੁਖੀ ਖ਼ਾਸੀਅਤਾਂ, ਮਨੁਖੀ ਆਚਰਨ ਦੇ ਲੱਛਣ, ਮੁਲਖੱਈਏ ਦੀ ਬਦਲ ਰਹੀ ਮਨੁਖੀ ਬਣਤਰ। ਲੋਕ ਹੁਣ ਅੱਗੇ ਵਾਲੇ ਨਿਰੇ ਟਕੇ ਟੋਕਰੀ ਪੰਜਾਉਣ ਵਾਲੇ ਨਹੀਂ ਰਹੇ।

ਮੁਲਖੱਈਆਂ ਹਰ ਪਾਸਿਉਂ ਪਾਰਸ ਤਾਂ ਨਹੀਂ ਹੋ ਗਿਆ। ਲੋਕਾਂ ਵਿਚ ਊਣਤਾਈਆਂ ਨੇ, ਕਮਜ਼ੋਰੀਆਂ ਨੇ, ਗ਼ਲਤੀਆਂ ਨੇ। ਬੁਰਜੁਆ ਕਲਚਰ ਦਾ, ਤੁਰੀ ਆਉਂਦੀ ਕਲਚਰ ਦਾ ਉਹਨਾਂ ਦੇ ਮਨਾਂ ਉਤੇ ਅਜੇ ਬਥੇਰਾ ਅਸਰ ਹੈ। ਪਿਤਾ-ਪੁਰਖੀ ਖਿਆਲਾਂ ਦੀ, ਕਾਬਜ਼ ਦੀ ਵਿਚਾਰਧਾਰਾ ਦੀ ਉਹਨਾਂ ਦੇ ਦਿਮਾਗ਼ਾਂ 'ਤੇ ਕਾਫ਼ੀ ਪਕੜ ਹੈ। ਉਹਨਾਂ ਨੂੰ ਆਪਣੀ ਆਜ਼ਾਦੀ ਦੀ ਪੂਰੀ, ਸਹੀ ਸਮਝ ਵੀ ਨਹੀਂ। ਮਤਲਬ ਹੈ ਲੋਕਾਂ ਦੀ ਚੇਤਨਤਾ ਦਾ ਕਾਫੀ ਕਿੱਤਾ ਅਜੇ ਬੁਰਜੁਆ ਦੀ ਜੇਲ ਵਿਚ ਹੀ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਉਹ ਬੁਰਜੁਆ ਛੱਟ ਦੇ ਖਿਲਾਫ ਉਠ ਰਹੇ ਨੇ। ਆਪਣੀ ਬੰਦ-ਖਲਾਸ ਵਾਸਤੇ ਜੂਝ ਰਹੇ ਨੇ। ਆਜ਼ਾਦੀ ਦੇ ਪੈਂਤੜੇ ਵਾਲਾ ਸਾਹਿਤਕਾਰ/ਕਲਾਕਾਰ ਇਸ ਉਠ ਰਹੇ ਨੂੰ, ਇਸ ਇਨਕਲਾਬੀ ਜਦੋ-ਜਹਿਦ ਨੂੰ, ਇਸ ਮੁਖੀ ਪਹਿਲੂ ਨੂੰ ਆਪਣੇ ਨਾਇਕ ਦਾ ਮੂਲ, ਉਸ ਦੀ ਬੁਨਿਆਦੀ ਵਸਤੂ ਬਣਾਏਗਾ। ਉਸ ਦੀ ਸਿਖਰਲੀ ਸੰਭਾਵਨਾ ਦੀ ਪੱਧਰ 'ਤੇ ਪੇਸ਼ ਕਰੇਗਾ। ਜਿਸ ਜਦੋ-ਜਹਿਦ ਰਾਹੀਂ ਲੋਕ ਆਪਣੀ ਬਣਤਰ ਦੀ ਕਾਇਆਂ-ਪਲਟੀ ਕਰ ਰਹੇ ਹਨ, ਉਸ ਵੇਗ ਨੂੰ ਮੁਖੀ ਬਣਾ ਕੇ ਉਜਾਗਰ ਕਰੇਗਾ।

ਆਪਣੇ ਮਹਿਕੂਮਾਂ ਨੂੰ, ਆਪਣੇ ਅਧੀਨ ਰਖਣ ਵਾਸਤੇ ਹਾਕਮ ਜਮਾਤਾਂ ਉਹਨਾਂ ਦਾ ਸਿਰ ਕੱਪ ਕੇ ਰਖਦੀਆਂ ਨੇ। ਮਤਲਬ ਹੈ ਉਹਨਾਂ ਦਿਆਂ ਦਿਲਾਂ ਦਿਮਾਗ਼ਾਂ ਨੂੰ ਮੁੰਜ ਕੇ ਰਖਦੀਆਂ ਨੇ। 'ਅੰਧੀ ਰਯਤਿ ਗਿਆਨ ਵਿਗੂਣੀ' ਬਣਾ ਕੇ ਰਖਦੀਆਂ ਨੇ। ਸਾਹਿਤਕਾਰ/ਕਲਾਕਾਰ ਜਦੋ-ਜਹਿਦ ਰਾਹੀਂ ਫੁਟ ਰਹੀ ਸਹੀ ਚੇਤਨਤਾ ਨੂੰ, ਲੋਕਾਂ ਨੂੰ ਆ ਰਹੀ ਸੂਝ ਨੂੰ ਪੇਸ਼ ਕਰਦਾ ਹੈ। ਜਿਸ ਤਰ੍ਹਾਂ ਲੋਕ ਜ਼ਿੰਦਗੀ ਦੇ ਕਰਤਾ ਬਣਨ ਦੇ ਰਾਹੇ ਪੈ ਰਹੇ ਹਨ, ਜਿਸ ਤਰ੍ਹਾਂ ਉਨ੍ਹਾਂ ਵਿਚ ਪਰੋਲਤਾਰੀ ਦੀ ਅਣਖ ਅੱਖ ਪੁਟ ਰਹੀ ਹੈ ਪਰੋਲਤਾਰੀ ਦੇ ਪੈਂਤੜੇ ਦਾ ਸਾਹਿਤਕਾਰ/ਕਲਾਕਾਰ ਉਸ ਮੁਖੀ ਪਹਿਲੂ ਨੂੰ ਉਜਾਗਰ ਕਰਦਾ ਹੈ। ਅਤੇ ਨਾਇਕਾਂ ਰਾਹੀਂ ਮੁਲਖ਼ੱਈਏ ਵਿਚ ਪੈਦਾ ਹੋ ਰਹੀ ਆਜ਼ਾਦੀ ਦੇ ਰਾਹ ਦੀ ਪਰਖ, ਚੇਤਨਤਾ ਤੇ ਉਸ ਦੇ ਆਧਾਰ 'ਤੇ ਉਸ ਵਿਚ ਸਿਰ ਪੁੱਟ ਰਹੀ ਸੂਰਮਗਤੀ ਦੀਆਂ ਅਥਾਹ ਸੰਭਾਵਨਾਵਾਂ ਸੁਝਾਉਂਦਾ ਹੈ। ਮੁਲਖੱਈਏ ਵਿਚ ਆਪਣੀ ਆਜ਼ਾਦੀ ਦੀ ਚੇਤਨਤਾ ਦਾ ਪੈਦਾ ਹੋਣਾ ਕੋਈ ਸੌਖੀ ਗੱਲ ਨਹੀਂ ਹੁੰਦੀ। ਲੋਕਾਂ ਵਿਚ ਕਾਬਜ਼ ਦੇ ਵਿਰੁਧ ਬਗ਼ਾਵਤ ਦੀ ਰੂਹ ਦਾ ਜਾਗਣਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ ਹੁੰਦਾ, ਪਰ ਜਦੋਂ ਇਹ ਰੂਹ ਫੂਕੀ ਜਾਵੇ ਇਸ ਨੂੰ ਮੁੜ ਸਵਾਉਣ ਵਾਲਾ, ਸਦਾ ਵਾਸਤੇ ਮੁੜ ਦਬਾਉਣ ਵਾਲਾ ਕੌਣ ਜੰਮਿਆ ਹੈ? ਜਿਹੜਾ ਮੁਲਖੱਈਆ ਆਪਣੇ ਅਕੀਦੇ ਵਾਸਤੇ ਮਰਨ ਦੀ ਪੱਧਰ 'ਤੇ ਪਹੁੰਚ ਗਿਆ ਉਸ ਨੂੰ ਮੁਕਾ ਕੌਣ ਸਕਦਾ ਹੈ? ਪਰੋਲਤਾਰੀ ਦੇ ਪੈਂਤੜੇ ਵਾਲਾ ਸਾਹਿਤਕਾਰ ਇਸ ਤੱਥ ਨੂੰ ਆਪਣੀ ਝੋਲੀ ਪਾਉਂਦਾ ਹੈ। ਇਸ ਸੱਚ ਨੂੰ ਪੇਸ਼ ਕਰਦਾ ਹੈ ਕਿ ਜਦੋ-ਜਹਿਦ ਕਿੰਨੀ ਲੰਮੀ, ਕਿੰਨੀ ਮੁਸ਼ਕਲ, ਕਿੰਨੀ ਕਰੜੀ ਭਾਵੇਂ ਕਿਉਂ ਨਾ ਹੋਵੇ, ਕਾਬਜ਼ ਤਬਕਾ ਮੌਤ ਦਾ ਮਾਲ ਹੈ। ਸਭ ਅਡੰਬਰਾਂ ਦੇ ਬਾਵਜੂਦ ਇਸ ਦੀ ਮੌਤ ਲਾਜ਼ਮੀ ਹੈ। ਇਸ ਦੀ ਔਧ ਮੁਕ ਰਹੀ ਹੈ। ਮੌਤ ਨੇ ਇਸ ਦੇ ਅੰਦਰ ਆਣ ਬਸੇਰਾ ਕੀਤਾ ਹੈ। ਸਮਾਜਕ ਵੇਗ ਨੇ ਆਪ ਇਸ ਵਿਚੋਂ ਨੇਕੀ, ਉਸਾਰੂ ਅੰਸ਼ ਖ਼ਤਮ ਕਰ ਦਿਤਾ ਹੈ। ਸਿਵਾਏ ਜਹਾਲਤ, ਗਿਰਾਵਟ ਤੇ ਵਹਿਸ਼ਤ ਦੇ ਇਸ ਦੇ ਪੱਲੇ ਜ਼ਿੰਦਗੀ ਨੂੰ ਦੇਣ ਲਈ ਹੋਰ ਕੁਝ ਨਹੀਂ।

ਪਰੋਲਤਾਰੀ ਦੇ ਪੈਂਤੜੇ ਦਾ ਸਾਹਿਤਕਾਰ ਕਾਬਜ਼ ਦੀ ਤਾਕਤ ਨੂੰ ਨਜ਼ਰ-ਅੰਦਾਜ਼ ਨਹੀਂ ਕਰਦਾ। ਕਾਬਜ਼ ਕੋਈ ਕੱਖਾਂ ਦਾ ਘੋੜਾ ਨਹੀਂ ਜੋ ਫੂਕ ਮਾਰਿਆਂ ਉਡ ਜਾਣਾ ਹੈ। ਉਹ ਕਾਬਜ਼ ਦੀ ਡਾਇਲੈਕਟਿਕ ਨੂੰ ਸਹੀ ਪੇਸ਼ ਕਰਦਾ ਹੈ। ਲੰਮੀ ਨਜ਼ਰ ਨਾਲ ਵੇਖਿਆਂ ਜੰਗ ਦੀ ਬੋਲੀ ਵਿਚ, ਯੁਧਨੀਤੀ ਦੇ ਨੁਕਤੇ ਤੋਂ ਕਾਬਜ਼ ਦੀ ਮੌਤ ਵਾਜਾਂ ਮਾਰ ਰਹੀ ਹੈ। ਕੋਈ ਤਾਕਤ ਵੀ ਇਸ ਨੂੰ



ਇਸ ਦੀ ਆ ਰਹੀ ਮੌਤ ਤੋਂ ਬਚਾਅ ਨਹੀਂ ਸਕਦੀ। ਪਰ ਫੌਰੀ ਤੌਰ 'ਤੇ, ਜੰਗ ਦੀ ਬੋਲੀ ਵਿਚ, ਦਾਅ-ਪੇਚ ਦੇ ਨੁਕਤੇ ਤੋਂ ਕਾਬਜ਼ ਅਜੇ ਉਹ ਤਾਕਤ ਹੈ ਜਿਸ ਨੇ ਲੱਮੇ ਸਮੇਂ ਤਕ ਤਣਿਆਂ ਤਕ ਜ਼ੋਰ ਲਵਾਉਣਾ ਹੈ, ਜਿਸ ਦੇ ਖਿਲਾਫ ਕਿਸੇ ਕਿਸਮ ਦੀ ਗ਼ਲਤੀ, ਕਿਸੇ ਕਿਸਮ ਦੀ ਅਣਗਹਿਲੀ ਬਹੁਤ ਮਹਿੰਗੀ ਪੈ ਸਕਦੀ ਹੈ। ਕੀ ਲੋਕਾਂ ਵਿਚ ਕਾਬਜ਼ ਦੇ ਵਿਰੁਧ ਉਠ ਰਹੀ ਬਗ਼ਾਵਤ ਦੀ ਰੂਹ ਨੂੰ ਸਮਾਜ ਦੀ ਮੁਖੀ ਜੁਜ਼ ਸਮਝਣ ਵਿਚ ਅਤੇ ਉਸ ਨੂੰ ਆਪਣੇ ਨਾਇਕਾਂ ਦਾ ਮੂਲ ਬਣਾਉਣ ਵਿਚ ਪਰੋਲਤਾਰੀ ਦੇ ਪੈਂਤੜੇ ਦਾ ਸਾਹਿਤਕਾਰ/ਕਲਾਕਾਰ ਕੂੜ ਕਮਾ ਰਿਹਾ ਹੈ? ਸੱਚ ਤੋਂ, ਅਸਲੀਅਤ ਤੋਂ ਦੂਰ ਜਾ ਰਿਹਾ ਹੈ? ਬਿਲਕੁਲ ਨਹੀਂ। ਉਹ ਸਮਾਜਕ ਵੇਗ ਦੀ ਅਸਲੀਅਤ 'ਤੇ, ਉਸ ਦੇ ਬਾਤਨ 'ਤੇ, ਸੱਚ 'ਤੇ ਪਹਿਰਾ ਦੇ ਰਿਹਾ ਹੈ। ਉਹ ਪੁੰਗਰ ਰਹੀ ਕਰੂਮਲ ਤੇ ਪੀਲੇ ਪੈ ਰਹੇ ਪੱਤਿਆਂ ਦੀ ਬਹੁਤਾਤ ਵਿਚ ਤਮੀਜ਼ ਕਰ ਰਿਹਾ ਹੈ। ਸਮਾਜਕ ਵੇਗ ਦੀ ਆਪਣੀ ਡਾਇਲੈਕਟਿਕ ਦੇ ਅਨੁਸਾਰ, ਢਹਿ ਰਹੀ ਸਰਮਾਏਦਾਰੀ ਦੇ ਪ੍ਰਸੰਗ ਵਿਚ ਮੁਲਖੱਈਏ ਦਾ ਪਛੜਿਆਪਨ, ਉਸ ਦੀਆਂ ਕਮਜ਼ੋਰੀਆਂ, ਉਸ ਦੀ ਬੇਸਮਝੀ, ਉਸ ਦੀ ਮੁਖੀ ਅਸਲੀਅਤ, ਉਸ ਦਾ ਬਾਤਨ ਨਹੀਂ। ਇਹ ਵਕਤ ਦਾ ਤਕਾਜ਼ਾ ਹਨ। ਮੂਲ ਉਸ ਦਾ ਬਣ ਰਹੀ ਪਰੋਲਤਾਰੀ ਦੇ ਪੈਂਤੜੇ ਦੀ ਤਾਕਤ ਹੈ। ਇਸ ਵਾਸਤੇ ਹੀ ਪਰੋਲਤਾਰੀ ਦੇ ਪੈਂਤੜੇ ਦਾ ਸਾਹਿਤਕਾਰ/ਕਲਾਕਾਰ ਲੋਕਾਂ ਦੀ ਬੇਸਮਝੀ ਨੂੰ, ਉਹਨਾਂ ਦੇ ਬੁਰਜੁਆ ਕਲਚਰ ਦੇ ਸ਼ਿਕਾਰ ਹੋਣ ਨੂੰ ਆਪਣੇ ਨਾਇਕਾਂ ਦਾ ਮੂਲ ਨਹੀਂ ਬਣਾਉਂਦਾ। ਉਹ ਲੋਕਾਂ ਦੀਆਂ ਊਣਤਾਈਆਂ, ਕਮਜ਼ੋਰੀਆਂ ਤੇ ਪਛੜੇਪਨ ਨੂੰ ਛੁਪਾਉਂਦਾ ਨਹੀਂ। ਉਹਨਾਂ 'ਤੇ ਪਰਦਾ ਪਾਉਣਾ ਉਸ ਨੂੰ ਪੁਗਦਾ ਨਹੀਂ। ਅੰਤ ਉਸ ਨੇ ਮੁਲਖੱਈਏ ਨੂੰ ਉਸ ਦੀ ਕਚਿਆਈ ਤੋਂ ਵੀ ਆਗਾਹ ਕਰਨਾ ਹੈ। ਉਸ ਕਚਿਆਈ ਨੂੰ ਖਤਮ ਕਰਨ ਵਾਸਤੇ ਉਸ ਦੀ ਸਹਾਇਤਾ ਵੀ ਕਰਨੀ ਹੈ। ਪਰ ਉਹ ਕਚਿਆਈ ਨੂੰ ਲੋਕਾਂ ਦਾ ਮੂਲ, ਉਹਨਾਂ ਦਾ ਬਾਤਨ ਕਰ ਕੇ, ਮੁਖੀ ਪਹਿਲੂ, ਮੁਖੀ ਰੌ ਬਣਾ ਕੇ ਪੇਸ਼ ਨਹੀਂ ਕਰਦਾ। ਲਹਿਣ ਦੇ ਵੇਗ ਵਿਚ ਸੱਪ ਦੀ ਕੁੰਜ ਬਣਾ ਕੇ ਮੂਰਤੀਮਾਨ ਕਰਦਾ ਹੈ। ਲੋਕਾਂ ਦੀਆਂ ਕਮਜ਼ੋਰੀਆਂ, ਊਣਤਾਈਆਂ ਵਲ ਧਿਆਨ ਦਿਵਾਉਂਦਾ ਹੋਇਆ ਉਹ ਉਹਨਾਂ ਵਲੀਂ ਨਫਰਤ ਜਾਂ ਹਿਕਾਰਤ ਨਹੀਂ ਜਗਾਉਂਦਾ; ਉਹਨਾਂ ਨੂੰ ਕਾਬਜ਼ ਦੀ ਕਲਚਰ ਦੇ, ਉਸ ਦੇ ਨਜ਼ਰੀਏ ਦੇ ਸ਼ਿਕਾਰ ਹੋਏ ਕਰ ਕੇ ਵਿਖਾਉਂਦਾ ਹੈ, ਜਿਸ ਤੋਂ ਨਿਜਾਤ ਲੈਣ ਦੇ ਹੁਣ ਉਹ ਹਾਹੇ ਹਨ। ਨਫਰਤ ਉਹ ਜਗਾਉਂਦਾ ਹੈ ਬੁਰਜੁਆਜ਼ੀ ਦੇ ਖਿਲਾਫ। ਨੰਗਿਆਂ ਕਰਦਾ ਹੈ ਉਸ ਦੀ ਮੱਕਾਰੀ, ਉਸ ਦੀ ਵਹਿਸ਼ਤ। ਜਿਸ ਤਰ੍ਹਾਂ ਲੋਕ ਆਪਣੀ ਆਜ਼ਾਦੀ ਵਾਸਤੇ ਜਦੋ-ਜਹਿਦ ਰਾਹੀਂ ਬੁਰਜੁਆ ਨਜ਼ਰੀਏ ਤੇ ਬੁਰਜੁਆ ਕਲਚਰ ਦੇ ਫੰਧੇ ਵਿਚੋਂ ਨਿਕਲ ਰਹੇ ਹਨ ਉਸ ਵੇਗ 'ਤੇ ਕੇਂਦਰਤ ਕਰ ਕੇ ਉਹ ਉਹਨਾਂ ਦੀ ਕਚਿਆਈ ਨੂੰ ਪੇਸ਼ ਕਰਦਾ ਹੈ।

ਪਰੋਲਤਾਰੀ ਦੇ ਪੈਂਤੜੇ ਦੇ ਨਾਇਕ ਨੂੰ ਪੇਸ਼ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਮੁਲਖੱਈਏ ਵਿਚ ਪਰੋਲਤਾਰੀ ਦੇ ਪੈਂਤੜੇ ਦਾ ਸਰਬ-ਕਲਾਂ ਸੰਪੂਰਨ ਨਾਇਕ ਬਣਿਆ ਬਣਾਤਾ ਨਹੀਂ ਖੜੋਤਾ ਹੋਇਆ ਕਿ ਉਸ ਦੀ ਜਾ ਕੇ ਫੋਟੋ ਹੀ ਲੈਣੀ ਹੈ ਤੇ ਸਾਹਿਤ/ਕਲਾ ਵਿਚ ਪਰੋਲਤਾਰੀ ਦੇ ਪੈਂਤੜੇ ਦਾ ਨਾਇਕ ਪੇਸ਼ ਹੋ ਜਾਣਾ ਹੈ ਮੁਲਖੱਈਆ ਕਾਬਜ਼ ਦੇ ਨਜ਼ਰੀਏ ਤੇ ਉਸ ਦੀ ਕਲਚਰ ਤੋਂ ਕੋਈ ਪਾਕ ਨਹੀਂ। ਜੇ ਪਾਕ ਹੋਵੇ ਤਾਂ ਕਾਬਜ਼ ਨਿਜ਼ਾਮ ਤੇ ਉਸ ਦੇ ਸਮਾਜਕ ਮਨੁਖੀ ਰਿਸ਼ਤੇ ਢਾਈ ਘੜੀਆਂ ਨਹੀਂ ਕੱਢ ਸਕਦੇ। ਦੂਸਰੇ ਪਾਸੇ ਤੋਂ, ਮੁਲਖੱਈਏ ਨੂੰ ਆਪਣੀ ਆਜ਼ਾਦੀ ਦੀ ਹਵਾ ਲਗ ਰਹੀ ਹੈ ਅਤੇ ਉਸ ਵਿਚ, ਵਰਕਰਾਂ ਵਿਚ ਪਰੋਲਤਾਰੀ ਦੀ ਅਣਖ ਜਾਗ ਰਹੀ ਹੈ। ਪਰ ਖਿੰਡੀ ਪੁੰਡੀ

ਸ਼ਕਲ ਵਿਚ । ਸਾਹਿਤਕਾਰ ਇਹਨਾਂ ਦੋਵਾਂ ਗਲਾਂ ਨੂੰ ਧਿਆਨ ਵਿਚ ਰਖਦਾ ਹੈ ।

---

1. "In the world today all culture, all literature and art belong to definite classes and are geared to definite political lines. There is in fact no such thing as art for art's sake, art that stands above classes or art that is detached from or independent of politics." Mao

"The revolution in Peking Opera calls for emphasis on propagating the artistic images of the proletarian heroes, making the workers, peasants and soldiers the masters of the stage, reversing the history which had been reversed by the landlord and capitalist classes for many centuries, and thus restoring the truth of history. The proletariat has clearly put forward portraying typical proletarian heroes as the fundamental task of socialist literature and art. This draws a basic line of demarcation between our literary and art movement and that of all exploiting classes in the past." Chu Lan

2. "We should distinguish between the main current and the minor currents of life. Only when we focus on the main current can we give a typical presentation of the essence of social advance. Minor currents merely offer a contrast to the main current and can be used as a means to present the essence, forming a subordinate aspect of the whole, and partial and temporary twists in the course of advance, never to be regarded as the main content of life." Yao

---

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

---

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਮਿਤੀ ਪੰ: 21.7.73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ ।

---


ਸਿੱਖ ਲਹਿਰ

ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ, ਉਸ ਦੇ ਜਮਾਤੀ ਪੈਂਤੜੇ ਅਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ । ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ । ਇਸ ਪੁਸਤਕ ਲਈ ਸੇਧ ਨੂੰ ਲਿਖੋ ।




ਮੁਠਾ ਆਪਿ ਮੁਹਾਏ ਸਾਥੈ ।
ਨਾਨਕ ਐਸਾ ਆਗੂ ਜਾਪੈ ॥

---

## ਸਿੱਖ ਸਿਆਸਤ ਤੇ ਅਕਾਲੀ—੨

ਹਿੰਮਤ ਸਿੰਘ ਸੱਚੀ

---

ਇਕ ਸਾਧਾਰਨ ਜਿਹਾ ਮਾੜਾ ਜੱਟ, ਬਠਿੰਡੇ ਕੰਨੀ, ਪਿੰਡ ਦੀਆਂ ਨਿਆਈਆਂ ਵਿਚ ਹੁੱਕੀ ਲੈ ਕੇ ਬੈਠਾ ਸੀ । ਉਸ ਦਾ ਮੁੰਡਾ, ਇਕ ਬਲਦ ਆਪਣਾ ਤੇ ਇਹ ਹੁਦਾਰਾ ਲਈ, ਪਾਸ ਹੀ ਹਲ ਵਾਹ ਰਿਹਾ ਸੀ । ਕੁਝ ਜਨ-ਸੰਘੀ ਭਰਾ, ਆਉਂਦੀਆਂ ਚੋਣਾਂ ਵਿਚ ਦੀਪਕ ਨੂੰ ਵੋਟ ਪਾਉਣ ਵਾਸਤੇ ਉਹਨਾਂ ਨੂੰ ਆਗ੍ਰਹ ਕਰਨ ਲਈ ਆਏ । ਉਹਨਾਂ ਦੇਖਿਆ ਕਿ ਅਧੇੜ ਉਮਰ ਦੇ ਜੱਟ ਦੀ ਕੁਚ ਜਿਹੀ ਕੱਟੀ ਹੋਈ ਦਾੜ੍ਹੀ, ਸਿਰ ਦੇ ਵਾਲ ਵੀ ਕੱਟੇ ਹੋਏ, ਪਰ ਪੱਗ ਬੰਨ੍ਹੀ ਹੋਈ, ਉਹਨਾਂ ਵਲ ਗੁੜ੍ਹੇ ਤੇ ਰੜ੍ਹੇ ਹੋਏ ਜੱਟ ਵਾਲੀਆਂ ਸ਼ੱਕੀ ਨਜ਼ਰਾਂ ਨਾਲ ਦੇਖ ਰਿਹਾ ਸੀ । ਪੁਛਿਆ ਗਿਆ ਕਿ ਵੋਟ ਕਿਸ ਨੂੰ ਦੇਣੀ ਹੈ ਤਾਂ ਕਹਿਣ ਲੱਗਾ, "ਵੋਟ, ਪੰਥ ਨੂੰ !" ਉਹ ਬੜੇ ਹੈਰਾਨ ਹੋਏ ਕਿ ਹੁੱਕੀ ਹਥ ਵਿਚ ਹੈ, ਫੇਰ ਵੀ ਵੋਟ ਪੰਥ ਨੂੰ । ਕਹਿੰਦਾ, "ਕਿਉਂ ਨਹੀਂ, ਗਊ ਦੀ ਜੇ ਪੂਛ ਕੱਟੀ ਜਾਏ, ਜਾਂ ਉਹਦਾ ਕੋਈ ਸਿੰਗ ਟੁਟ ਜਾਏ, ਕੀ ਉਹ ਗਊ ਨਹੀਂ ਰਹਿੰਦੀ ?...ਵੋਟ ਪੰਥ ਨੂੰ !"

ਦੇਖਣ ਨੂੰ ਇਹ ਜੱਟ, ਇਕ ਹਲ ਦੀ ਵਾਹੀ ਵਾਲਾ, ਇਕ ਬਲਦ ਆਪਣਾ ਤੇ ਇਕ ਹੁਦਾਰਾ, ਮਾੜਾ ਜਿਹਾ ਜਟ ਪਰਤੀਤ ਹੁੰਦਾ ਹੈ, ਪਰ ਉਹ ਇਹਨਾਂ ਰਾਜਨੀਤੀਵਾਨਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ । ਉਸ ਨੂੰ ਪਤਾ ਹੈ ਕਿ ਕਦੇ ਕਾਂਗਰਸੀ-ਅਕਾਲੀ, ਕਦੇ ਅਕਾਲੀ-ਕਮ੍ਯੂਨਿਸਟ, ਕਦੇ ਅਕਾਲੀ-ਜਨਸੰਘੀ ਗਠਜੋੜ ਦੀਆ ਜਾਂ ਸਾਂਝੀ ਵਜ਼ਾਰਤ ਬਨਾਉਣ ਦੀਆਂ ਗੱਲਾਂ ਚਲਦੀਆਂ ਹਨ, ਕਦੇ ਟੁਟਦੀਆਂ ਹਨ । ਆਪਣਾ ਉਸ ਦਾ ਕਿਸੇ ਨੇ ਵੀ ਕੁਝ ਨਹੀਂ ਸਵਾਰਿਆ । ਕਮਿਊਨਿਸਟਾਂ ਨੂੰ ਵੀ ਉਸ ਨੇ ਦੇਖਿਆ ਹੈ । ਗੱਲਾਂ ਉਹ ਕਿਰਤੀਆਂ ਦੇ ਰਾਜ ਦੀਆਂ ਕਰਦੇ ਹਨ, ਪਰ ਚੋਣਾਂ ਸਦਾ ਹੀ ਕਦੇ ਕਾਂਗਰਸੀਆਂ, ਕਦੇ ਅਕਾਲੀਆਂ ਦੀ ਮਦਦ ਨਾਲ ਲੜਦੇ ਹਨ । ਸੋ ਉਹ ਵੀ ਆਪਣੇ ਕਿੱਲੇ ਤੋਂ ਬੇਮੁਖ ਕਿਉਂ ਹੋਵੇ—ਵੋਟ ਉਹ ਪੰਥ ਨੂੰ ਦਏਗਾ । ਸੋ ਜਿਥੋਂ ਤਕ ਚੋਣਾਂ ਦਾ ਜਾਂ ਹੋਰ ਕਿਸੇ ਮੋਰਚੇ ਦਾ ਸੰਬੰਧ ਹੈ, ਜੱਟ-ਸਿੱਖ ਕਿਰਸਾਣੀ ਵਿਚ ਝੰਡਾ ਆਮ ਕਰ ਕੇ 'ਪੰਥ-ਮਹਾਰਾਜ' ਦਾ ਹੀ ਪਿਛਲੇ ਪੰਜਾਹ-ਸੱਠ ਸਾਲਾਂ ਤੋਂ ਝੁਲਦਾ ਰਿਹਾ ਹੈ ।

(ਤਾਲਸਤਾਏ ਤੇ ਗੋਰਕੀ ਵਿਚਾਲੇ ਹੋਈ ਵਾਰਤਾਲਾਪ ਵਿਚ ਇਕ ਦਿਲਚਸਪ ਮੌਕਾ ਉਸ ਸਮੇਂ

ਆਉਂਦਾ ਹੈ ਜਦ ਤਾਲਸਤਾਏ ਕਹਿੰਦਾ ਹੈ ਕਿ ਰੂਸੀ ਬੁਧੀਜੀਵੀ ਰੂਸ ਦੀ ਆਤਮਾ ਨੂੰ ਕਿਉਂ ਨਹੀਂ ਜਾਣ ਸਕੇ—ਕਿਉਂਕਿ ਉਹ ਰੂਸ ਦੇ ਕਿਸਾਣ ਨੂੰ ਪਛਾਣ ਨਹੀਂ ਸਕੇ, ਸਮਝ ਨਹੀਂ ਸਕੇ ਅਤੇ ਰੂਸੀ ਕਿਸਾਨ ਅਜੇ ਤਕ ਵੀ ਇਸ ਬੁਧੀਜੀਵੀ ਨੂੰ ਸ਼ੱਕੀ ਨਜ਼ਰਾਂ ਨਾਲ ਵੇਖਦਾ ਹੈ। ਇਹੀ ਹਾਲ ਸਾਡੇ ਮਾਰਕਸਵਾਦੀਆਂ ਦਾ ਹੈ ਜੋ ਨਾ ਹੀ ਭਾਰਤ ਦੀ ਆਤਮਾ ਨੂੰ, ਨਾ ਹੀ ਕਿਸਾਨ ਨੂੰ, ਕਿਸਾਨੀ ਮਸਲੇ ਨੂੰ ਸਮਝ ਸਕੇ ਹਨ। ਨਤੀਜਾ ਸਾਹਮਣੇ ਹੈ ਕਿ ਇਹ ਮਾੜਾ ਜੱਟ ਵੀ ਆਮ ਤੌਰ 'ਤੇ ਪੰਥ ਨੂੰ ਹੀ ਵੋਟ ਦੇਂਦਾ ਹੈ।)

ਸਿੱਖ ਜੱਟ ਦੀ ਪੰਥ ਨਾਲ ਜੁੜੇ ਹੋਣ ਦੀ ਰਵਾਇਤ ਤਿੰਨ ਸੌ ਸਾਲ ਪੁਰਾਣੀ ਹੈ—ਏਡੀ ਲੰਮੀ ਰਵਾਇਤ ਥੋੜੇ ਕੀਤਿਆਂ ਖਤਮ ਹੋਣ ਵਾਲੀ ਨਹੀਂ ਹੈ। ਸੋ ਪਿਛਲੇ ਪੰਜਾਹ ਸਾਲ ਤੋਂ ਭਾਵੇਂ ਖੜਕ ਸਿੰਘ ਗਿਆ, ਤਾਰਾ ਸਿੰਘ ਆਇਆ; ਤਾਰਾ ਸਿੰਘ ਗਿਆ, ਫਤਿਹ ਸਿੰਘ ਆਇਆ; ਫਤਿਹ ਸਿੰਘ ਗਿਆ ਕੋਈ ਹੋਰ ਜਥੇਦਾਰ ਜਾਂ ਸੰਤ ਆਇਆ—ਇਹ ਰਵਾਇਤ ਨਹੀਂ ਟੁਟੀ।

ਪੰਜਾਹ ਸਾਲ ਪਹਿਲਾਂ ਨਵੰਬਰ 1930 ਵਿਚ ਹੋਈ ਗੋਲ ਮੇਜ਼ ਕਾਨਫਰੰਸ ਸਮੇਂ ਅੰਗ੍ਰੇਜ਼ ਹਕੂਮਤ ਹਿੰਦੂਆਂ ਤੇ ਮੁਸਲਮਾਨ ਪ੍ਰਤੀਨਿਧੀਆਂ ਦੇ ਨਾਲ ਇਕ ਸਿੱਖ ਪ੍ਰਤੀਨਿਧ ਨੂੰ ਵੀ ਬੁਲਾਣਾ ਚਾਹੁੰਦੀ ਸੀ, ਪਰ ਮਾਸਟਰ ਤਾਰਾ ਸਿੰਘ ਦੀ ਅੜੀ ਦੇ ਕਾਰਨ ਇਹ ਸੰਭਵ ਨਾ ਹੋ ਸਕਿਆ, ਕਿਉਂਕਿ ਅੰਗ੍ਰੇਜ਼ ਮਹਾਰਾਜਾ ਪਟਿਆਲਾ ਨੂੰ ਸੱਦਣਾ ਚਾਹੁੰਦੇ ਸਨ, ਪਰ ਮਾਸਟਰ ਆਪ ਜਾਣਾ ਚਾਹੁੰਦਾ ਸੀ, ਜੋ ਅੰਗ੍ਰੇਜ਼ੀ ਹਕੂਮਤ ਨੂੰ ਕਬੂਲ ਨਹੀਂ ਸੀ। ਸਿੱਖ ਸੱਤਾਧਾਰੀਆਂ (ਰਜਵਾੜਿਆਂ) ਅਤੇ ਜਾਗੀਰਦਾਰਾਂ ਦਾ ਪ੍ਰਤੀਨਿਧ ਮਹਾਰਾਜਾ ਪਟਿਆਲਾ ਹੋ ਸਕਦਾ ਸੀ, ਨਾ ਕਿ ਮਾਸਟਰ ਤਾਰਾ ਸਿੰਘ। ਅਜੇ ਕਿਹੜੀ ਸਿੱਖ-ਬੁਰਜੁਆਜ਼ੀ ਹੋਂਦ ਵਿਚ ਆਈ ਸੀ? ਅੰਗ੍ਰੇਜ਼ਾਂ ਨੇ ਗੱਲ ਤਾਂ ਰਜਵਾੜਾਸ਼ਾਹੀ ਦੇ ਪ੍ਰਤੀਨਿਧਾਂ ਨਾਲ ਤੋਰਨੀ ਸੀ। ਅਕਾਲੀ ਤਾਂ 1920-22 ਦੇ ਜ਼ਮਾਨੇ ਤੋਂ ਹੀ ਅਜੇ ਕਾਫੀ ਹੱਦ ਤਕ 'ਗਰਮ-ਖਿਆਲੀਏ' ਸਮਝੇ ਜਾਂਦੇ ਸਨ, ਕਿਉਂਕਿ ਉਹਨਾਂ ਦੀ ਅਗਵਾਈ ਵਿਚ ਸਿੱਖ ਪੰਥ ਅੰਗ੍ਰੇਜ਼ਾਂ ਦੇ ਸਮਰਥਕ ਮਹੰਤਾਂ ਨਾਲ ਲੜਿਆ ਸੀ। ਅਕਾਲੀ ਨੇਤਾ ਏਨੀ ਜਲਦੀ ਰਜਵਾੜਾਸ਼ਾਹੀ ਦੇ ਜੂਲੇ ਹੇਠ ਵੀ ਨਹੀਂ ਸਨ ਵਗ ਸਕਦੇ। ਪੰਥ ਦੇ ਨਾਂ ਉਤੇ ਹੋਈਆਂ ਕੁਰਬਾਨੀਆਂ ਨੂੰ ਅਜੇ ਲੋਕਾਂ ਨੇ ਭੁਲਾਇਆ ਨਹੀਂ ਸੀ। ਉਹ ਕਿਵੇਂ ਅਕਾਲੀਆਂ ਨੂੰ ਉਹਨਾਂ ਮਗਰ ਲੱਗਣ ਦੇ ਸਕਦੇ ਸਨ? ਕੌਮੀ ਲਹਿਰ ਦੇ ਸਮੇਂ ਵੀ ਅਕਾਲੀਆਂ ਨੂੰ ਕਾਂਗਰਸ ਦਾ ਸਮਰਥਨ ਕਰਨਾ ਪਿਆ ਤੇ ਉਹ ਸਤਿਆਗ੍ਰਹਿ ਵਿਚ ਸ਼ਾਮਲ ਹੁੰਦੇ ਰਹੇ। ਇਹਨਾਂ ਜਥੇਦਾਰਾਂ ਦਾ ਟੋਲਾ (ਨਾਗੋਕੇ, ਮਝੈਲ, ਫੇਰੂਮਾਨ, ਜਲਾਲ-ਉਸਮਾਨ ਆਦਿ) 1947 ਤੋਂ ਬਾਅਦ ਆਖਰ ਪੰਥ ਨਾਲੋਂ ਵਖ ਹੋ ਕੇ ਕਾਂਗਰਸ ਵਿਚ ਹੀ ਸ਼ਾਮਲ ਹੋਇਆ ਸੀ। ਸਰ ਸਿਕੰਦਰ ਹਯਾਤ ਦੀ ਯੂਨੀਅਨਿਸਟ ਵਜ਼ਾਰਤ ਵਿਚ ਸ਼ਾਮਲ ਹੋਣ ਵਾਲੇ ਸਰ ਸੁੰਦਰ ਸਿੰਘ ਮਜੀਠੀਆ ਅਤੇ ਫੇਰ ਸਰਦਾਰ ਦਸੌਂਧਾ ਸਿੰਘ ਜਗੀਰਦਾਰਾਂ ਦੇ ਪ੍ਰਤੀਨਿਧ ਹੀ ਸਨ। 1946 ਵਿਚ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਇਤਨੇ ਨਾਲ ਹੀ ਖ਼ੁਸ਼ ਹੋ ਗਏ ਕਿ ਉਹਨਾਂ ਦੇ ਕਿਰਪਾ-ਪਾਤਰ ਸ੍ਰ: ਬਲਦੇਵ ਸਿੰਘ ਨੂੰ ਕੇਂਦਰੀ ਵਜ਼ੀਰ ਮੰਡਲੀ ਵਿਚ ਲੈ ਲਿਆ ਗਿਆ ਸੀ। ਅਕਾਲੀਆਂ ਦਾ ਖਿਆਲ ਸੀ ਕਿ ਕਾਂਗਰਸੀ ਹਿੰਦੂ ਲੀਡਰ ਸਿੱਖਾਂ ਨੂੰ ਸਭ ਹੱਕ-ਹਕੂਕ ਦੇਣ ਦੇ ਜੋ ਵਾਅਦੇ ਉਹਨਾਂ ਨਾਲ ਕਰ ਰਹੇ ਹਨ ਉਹ ਪੂਰੇ ਕਰ ਦਿਤੇ ਜਾਣਗੇ।

ਦੂਜੇ ਪਾਸੇ ਮੁਸਲਿਮ ਲੀਗ ਦੇ ਲੀਡਰ ਜਿੰਨਾਹ ਦੀ ਕੋਸ਼ਿਸ਼ ਸੀ ਕਿ ਜੇ ਸਾਂਝੇ ਪੰਜਾਬ ਦੇ 13% ਸਿੱਖ, 56% ਮੁਸਲਮਾਨਾਂ ਨਾਲ ਮਿਲ ਜਾਣ ਤਾਂ ਪੰਜਾਬ ਨੂੰ 1947 ਦੇ ਬਟਵਾਰੇ ਤੋਂ ਬਚਾਇਆ ਜਾ ਸਕਦਾ ਹੈ। ਇਸ ਬਾਰੇ ਕਾਇਦੇ-ਆਜ਼ਮ ਜਿੰਨਾਹ ਅਤੇ ਗਿਆਨੀ ਕਰਤਾਰ ਸਿੰਘ ਵਿਚਾਲੇ



ਕਈ ਮੁਲਾਕਾਤਾਂ ਵੀ ਹੋਈਆਂ। ਪਰ ਦੂਜੇ ਪਾਸੇ ਸਿੱਖ ਰਜਵਾੜਾਸ਼ਾਹੀ ਦੇ ਨੇਤਾ ਮਹਾਰਾਜਾ ਪਟਿਆਲਾ ਅਤੇ ਟਾਟਾ ਨਗਰ ਸਟੀਲ ਮਿੱਲ ਦੇ ਹਿੱਸੇਦਾਰ ਸ: ਬਲਦੇਵ ਸਿੰਘ ਆਪਣਾ ਹਿੱਤ ਭਾਰਤੀ ਸਰਮਾਏਦਾਰੀ ਨਾਲ ਜੁੜਨ ਵਿਚ ਸਮਝਦੇ ਸਨ। ਗਿਆਨੀ ਅਤੇ ਜਿੰਨਾਹ ਵਿਚਾਲੇ ਹੋਈ ਗੱਲਬਾਤ ਦੇ ਖ਼ਾਸ ਨੁਕਤੇ ('ਨਵਾਏ-ਵਕਤ', ਲਾਹੌਰ; ਤਾਰੀਖ 5.12.65 ਅਨੁਸਾਰ) ਇਸ ਪ੍ਰਕਾਰ ਸਨ: (1) ਸਿੱਖ ਰਿਆਸਤਾਂ ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਕਪੂਰਥਲਾ ਦੇ ਭਵਿਖ ਦੀ ਜ਼ਮਾਨਤ (2) ਸਾਂਝੇ ਪੰਜਾਬ ਦੇ ਮੁਖ ਮੰਤਰੀ ਤੇ ਗਵਰਨਰ ਵਿਚੋਂ ਇਕ ਸਿੱਖ ਹੋਵੇ (3) ਸੂਬੇ ਤੋਂ ਛੁਟ ਕੇਂਦਰ ਦੀਆਂ ਸਿਵਿਲ ਤੇ ਫੌਜੀ ਨੌਕਰੀਆਂ ਵਿਚ ਸਿੱਖਾਂ ਦਾ ਸਹੀ ਤਨਾਸਬ (4) ਜਿਵੇਂ ਬਰਤਾਨੀਆਂ ਦੀ ਪਾਰਲੀਮੈਂਟ ਨੂੰ ਕੋਈ ਹੱਕ ਨਹੀਂ ਕਿ ਉਹ ਬਾਦਸ਼ਾਹਤ ਦੇ ਖਾਤਮੇ ਲਈ ਕੋਈ ਕਾਨੂੰਨ ਬਣਾ ਸਕੇ, ਪਾਕਿਸਤਾਨ ਦੀ ਕਿਸੇ ਸੂਬਾਈ ਜਾਂ ਕੇਂਦਰੀ ਸਰਕਾਰ ਨੂੰ ਕੇਵਲ ਬਹੁ-ਗਿਣਤੀ ਦੇ ਬਲ ਉਤੇ ਸਿੱਖਾਂ ਦੇ ਧਾਰਮਕ ਮੁਆਮਲਿਆਂ ਜਾਂ ਗੁਰਦਵਾਰਿਆਂ ਬਾਰੇ ਕਾਨੂੰਨ ਬਨਾਉਣ ਦਾ ਕੋਈ ਹੱਕ ਨਹੀਂ ਹੋਵੇਗਾ ਤੇ ਇਸ ਦੀ ਖਾਤਰ, ਪੰਜਾਬ ਨੂੰ ਵੰਡੇ ਜਾਣ ਤੋਂ ਬਚਾਉਣ ਲਈ, ਅਕਾਲੀ ਦਲ ਤੇ ਮੁਸਲਮ ਲੀਗ ਮਿਲ ਕੇ ਜਤਨ ਕਰਨਗੇ। ਸ: ਕਪੂਰ ਸਿੰਘ ਲਿਖਤ **ਸਾਚੀ ਸਾਖੀ** (ਪੰਨਾ 182) ਅਨੁਸਾਰ ਇਸ ਮੈਮੋਰੈਂਡਮ ਉਤੇ ਮਾਸਟਰ ਤਾਰਾ ਸਿੰਘ ਦੇ ਵੀ ਦਸਤਖਤ ਸਨ। ਇਸ ਨੂੰ ਦਸਤੀ ਤੌਰ 'ਤੇ ਕਾਇਦੇ-ਆਜ਼ਮ ਪਾਸ ਲਿਜਾਣ ਲਈ ਨਿਯੁਕਤ ਕੀਤੇ ਗਏ ਗਿਆਨੀ ਕਰਤਾਰ ਸਿੰਘ ਦੇ ਉਸ ਸਮੇਂ ਦੇ ਰਾਜ਼ਦਾਨ ਸ੍ਰੀ ਗੋਪਾਲ ਸਿੰਘ ਦਰਦੀ ਜਿਸ ਨੇ ਇਹ ਦਸਤਾਵੇਜ਼ ਔਰੰਗਜ਼ੇਬ ਰੋਡ ਉਤੇ ਮੁਕੀਮ ਕਾਇਦੇ-ਆਜ਼ਮ ਨੂੰ ਦੇਣ ਦੀ ਥਾਂ ਬਿਰਲਾ ਹਾਊਸ ਵਿਖੇ ਜਾ ਕੇ ਪੰਡਤ ਨਹਿਰੂ ਦੇ ਹਵਾਲੇ ਕਰ ਦਿਤਾ। ਬਾਅਦ ਵਿਚ ਦਰਦੀ ਜੀ ਨੂੰ 1962 ਵਿਚ ਪੰਡਤ ਨਹਿਰੂ ਦੀ ਸਰਕਾਰ ਦੇ ਹੁਕਮ ਅਨੁਸਾਰ, ਰਾਸ਼ਟਰਪਤੀ ਨੇ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ, ਅਰਥਾਤ ਕਿ ਆਪ ਪੰਜਾਬ ਵਿਧਾਨ ਸਭਾ ਵਲੋਂ ਚੁਣ ਕੇ ਰਾਜ ਸਭਾ ਵਿਚ ਨਹੀਂ ਗਏ ਸਨ। 'ਨਵਾਇ ਵਕਤ' ਨੇ ਅਖੀਰ ਵਿਚ ਲਿਖਿਆ ਹੈ: ''ਕੌਮੇ ਫ਼ਰੋਖ਼ਤੰਦ ਵਾ ਚਿ ਅਰਜ਼ਾਂ ਫ਼ਰੋਖ਼ਤੰਦ''—''ਕੌਮ ਨੂੰ ਵੇਚਿਆ ਤੇ ਕਿਸ ਸਸਤੇ ਭਾ ਵੇਚਿਆ!''

ਜਵਾਹਰ ਲਾਲ ਨਹਿਰੂ ਨੇ ਉਸ ਸਮੇਂ ਤਾਂ ਅਕਾਲੀਆਂ ਨੂੰ ਭਰੋਸਾ ਦਿਵਾਇਆ ਸੀ ਕਿ ਸਿੱਖਾਂ ਨੂੰ ਭਾਰਤੀ ਜਮਹੂਰੀਅਤ ਵਿਚ ਸਨਮਾਨ-ਯੋਗ ਸਥਾਨ ਮਿਲੇਗਾ। ਪੰਡਤ ਨਹਿਰੂ, ਸਰਦਾਰ ਪਟੇਲ, ਮੌਲਾਨਾ ਆਜ਼ਾਦ, ਰਾਜਿੰਦਰ ਪ੍ਰਸਾਦ ਆਦਿ ਨੇਤਾ ਇਸ ਗੱਲ ਨੂੰ ਮੰਨ ਗਏ ਸਨ ਕਿ 1950 ਵਿਚ ਭਾਰਤ ਦਾ ਵਿਧਾਨ ਲਾਗੂ ਕਰਨ ਸਮੇਂ ਸਿੱਖਾਂ ਤੇ ਮੁਸਲਮਾਨਾਂ ਨੂੰ ਰਾਖਵੀਂ ਪ੍ਰਤੀਨਿਧਤਾ ਲੋਕ ਸਭਾ, ਵਿਧਾਨ ਸਭਾਵਾਂ ਤੇ ਸਰਕਾਰੀ ਨੌਕਰੀਆਂ ਵਿਚ ਦਿਤੀ ਜਾਵੇ, ਪਰ ਗਿਆਨੀ ਕਰਤਾਰ ਸਿੰਘ ਨੇ ਸ: ਬਲਦੇਵ ਸਿੰਘ ਦੇ ਰਾਹੀਂ ਇਹ ਬਚਨ ਸਰਦਾਰ ਪਟੇਲ ਤੋਂ ਲੈ ਲਿਆ ਕਿ ਜੇ ਗਿਆਨੀ ਕਰਤਾਰ ਸਿੰਘ ਨੂੰ ਵੀ ਵਜ਼ੀਰ ਬਣਾ ਲਿਆ ਜਾਵੇ ਤਾਂ ਸਿੱਖ ਕੋਈ ਰਾਖਵੀਂ ਨੁਮਾਇੰਦਗੀ ਨਹੀਂ ਮੰਗਣਗੇ। ਜਦ ਮੌਲਾਨਾ ਆਜ਼ਾਦ ਨੂੰ ਪਤਾ ਲੱਗਾ ਤਾਂ ਉਸ ਨੇ ਮੱਥੇ ਨੂੰ ਹੱਥ ਮਾਰਿਆ ਤੇ ਕਿਹਾ ਕਿ ''ਯੇਹ ਸਿੱਖ ਮੁਸਲਮਾਨੋਂ ਕੋ ਭੀ ਲੇ ਡੂਬੇ!'' ਤੇ ਜਦ ਕਾਨੂੰਨ-ਸਾਜ਼ ਅਸੈਂਬਲੀ ਵਿਚ ਗਿਆਨੀ ਗੁਰਮੁਖ ਸਿੰਘ ਮੁਸਾਫਰ ਦੀ ਇਕ ਵੋਟ ਨਾਲ 'ਹਿੰਦੀ' ਮੁਲਕ ਦੀ ਰਾਸ਼ਟਰ-ਭਾਸ਼ਾ ਪ੍ਰਵਾਨ ਹੋਈ ਤਾਂ ਮੌਲਾਨਾ ਆਜ਼ਾਦ ਨੇ ਕਿਹਾ, ''ਏਕ ਜ਼ਲੀਲ ਸਿੱਖ ਨੇ ਬੜੀ ਘਟੀਆ ਹਰਕਤ ਕੀ।'' (ਸਾਚੀ ਸਾਖੀ, ਪੰਨਾ 131)

ਇਸ ਤਰ੍ਹਾਂ ਦੇ ਸਨ ਇਹ ਲੀਡਰ! ਗਿਆਨੀ ਕਰਤਾਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਨੂੰ ਸ: ਬਲਦੇਵ ਸਿੰਘ ਜਿਹਾ ਧਨਾਢ ਬੰਦਾ ਲਭਿਆ ਹੋਇਆ ਸੀ ਜੋ ਉਹਨਾਂ ਨੂੰ ਪੈਸੇ ਚੜ੍ਹਾਉਂਦਾ ਰਿਹਾ

ਤੇ ਆਪ ਵਜ਼ੀਰ ਬਣ ਗਿਆ। ਮਾਸਟਰ ਤਾਰਾ ਸਿੰਘ ਤੋਂ ਬਾਅਦ ਸੰਤ ਫਤਿਹ ਸਿੰਘ ਨੂੰ ਉੱਤਮ ਸਿੰਘ ਦੁੱਗਲ, ਲਛਮਨ ਸਿੰਘ ਗਿੱਲ ਤੇ ਸੋਹਣ ਸਿੰਘ ਬਾਸੀ ਜਿਹੇ ਠੇਕੇਦਾਰ ਮਿਲ ਗਏ ਜੋ ਆਪਣੇ ਪੈਸੇ ਦੇ ਜ਼ੋਰ ਨਾਲ ਰਾਜ ਸਭਾ ਦੇ ਮੈਂਬਰ ਜਾਂ ਵਜ਼ੀਰ ਬਣ ਗਏ। ਵਧੇਰੇ ਪੜ੍ਹੇ-ਲਿਖੇ ਜਾਂ ਆਪਣੇ ਤੋਂ ਸਿਆਣੇ ਬੰਦੇ ਨੂੰ ਇਹ ਲੀਡਰ ਅਗਾਂਹ ਨਹੀਂ ਸਨ ਆਉਣ ਦੇਂਦੇ, ਕਿਉਂ ਜੋ ਇਸ ਨਾਲ ਉਹਨਾਂ ਦੀ ਆਪਣੀ ਸਾਖ ਨੂੰ ਖਤਰਾ ਹੋ ਜਾਂਦਾ ਸੀ। ਬਾਬਾ ਖੜਕ ਸਿੰਘ, ਮਹਿਤਾਬ ਸਿੰਘ ਤੇ ਅਮਰ ਸਿੰਘ 'ਸ਼ੇਰੇ ਪੰਜਾਬ' ਨੂੰ ਮਾਸਟਰ ਹੋਰਾਂ ਪਹਿਲਾਂ ਹੀ ਅਖਾੜਿਉਂ ਬਾਹਰ ਕਢ ਦਿਤਾ ਸੀ। ਪ੍ਰੋ: ਨਿਰੰਜਨ ਸਿੰਘ, ਪ੍ਰੋ: ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ ਨੂੰ ਵਿਦਿਅਕ ਖੇਤਰ ਤੋਂ ਬਾਹਰ ਨਾ ਆਉਣ ਦਿਤਾ ਗਿਆ। ਕਮਿਊਨਲ ਐਵਾਰਡ ਦੇ ਲਾਗੂ ਹੋਣ ਦੇ ਸਮੇਂ ਜਦ ਸਿੱਖਾਂ ਨੂੰ ਵਖਰੀ ਨੁਮਾਇੰਦਗੀ ਮਿਲਣ ਲੱਗੀ ਤਾਂ ਡਾ: ਅੰਬੇਦਕਰ ਨੇ ਸੱਤ ਕਰੋੜ ਅਛੂਤਾਂ ਨੂੰ ਸਿੱਖੀ ਧਰਮ ਵਿਚ ਲਿਆਉਣ ਦੀ ਗੱਲ ਸ਼ੁਰੂ ਕੀਤੀ, ਪਰ ਅਕਾਲੀ ਲੀਡਰਾਂ ਨੇ, ਖਾਸ ਕਰ ਕੇ ਮਾਸਟਰ ਤੇ ਗਿਆਨੀ ਨੇ ਇਹ ਗੱਲ ਸਿਰੇ ਨਾ ਲੱਗਣ ਦਿਤੀ, ਕਿਉਂਕਿ ਇਸ ਨਾਲ ਉਹਨਾਂ ਨੂੰ ਆਪਣੀ ਲੀਡਰੀ ਦਾ ਖਤਰਾ ਸੀ। ਸੱਤ ਕਰੋੜ ਅਛੂਤਾਂ ਨੂੰ ਸਿੱਖ ਬਣਾ ਕੇ ਸਿੱਖ ਕੌਮ ਦਾ ਲੀਡਰ ਵੀ ਅੰਬੇਦਕਰ ਨੇ ਹੀ ਬਣਨਾ ਸੀ ਅਤੇ ਸਿੱਖਾਂ ਦੇ ਪ੍ਰਤੀਨਿਧ ਵਜੋਂ ਅੰਗ੍ਰੇਜ਼ਾਂ ਨੇ ਵੀ ਉਸ ਨਾਲ ਹੀ ਗੱਲ ਕਰਨੀ ਸੀ। ਇਸ ਲਈ ਅਕਾਲੀ ਲੀਡਰਾਂ ਨੇ ਅਨਪੜ੍ਹ ਜਟ-ਸਿੱਖ ਜਥੇਦਾਰਾਂ ਦੀ ਸਹਾਇਤਾ ਨਾਲ ਸਿੱਖੀ ਨੂੰ ਪੰਜਾਬ ਤਕ ਹੀ ਸੀਮਤ ਰਖਣਾ ਠੀਕ ਸਮਝਿਆ, ਕਿਉਂਕਿ ਇਸ ਨਾਲ ਹਰਿਮੰਦਰ ਸਾਹਿਬ "ਚੂਹੜਿਆਂ ਦੇ ਹਵਾਲੇ" ਹੋ ਜਾਣਾ ਸੀ। ਅਜਿਹੇ ਸਨ 'ਰੰਘਰੇਟੇ ਗੁਰੂ ਕੇ ਬੇਟੇ" ਉਚਾਰਨ ਵਾਲੇ ਗੁਰੂ ਦੇ ਪੰਥ ਦੇ ਕਲਜੁਗੀ ਲੀਡਰ!

1946 ਵਿਚ ਜਦ ਕੈਬਨਟ ਮਿਸ਼ਨ ਆਇਆ ਤਾਂ ਸਰ ਜੁਗਿੰਦਰ ਸਿੰਘ ਉਸ ਨਾਲ ਸਿੱਖ ਸਟੇਟ ਬਾਰੇ ਗੱਲ ਚਲਾਉਣੀ ਚਾਹੁੰਦਾ ਸੀ, ਪਰ ਅਕਾਲੀ ਇਹ ਹੱਕ ਉਸ ਨੂੰ ਕਦ ਦੇਣ ਵਾਲੇ ਸਨ? ਫੇਰ ਜਦ 19 8 ਵਿਚ ਦੇਸ ਦਾ ਨਵਾਂ ਵਿਧਾਨ ਬਨਾਉਣ ਲਈ ਅਸੈਂਬਲੀ ਜੁੜੀ ਤਾਂ ਬਾਵਾ ਹਰਕਿਸ਼ਨ ਸਿੰਘ ਨੇ ਪੰਜਾਬੀ ਸੂਬਾ ਬਨਾਉਣ ਦੇ ਹੱਕ ਵਿਚ ਇਕ ਪੈਂਫਲਟ "A Plea for a Panjabi-speaking Province" ਲਿਖ ਕੇ ਇਸ ਪਖ ਨੂੰ ਪੇਸ਼ ਕੀਤਾ ਜਿਸ ਵਲ ਕਿਸੇ ਨੇ ਵੀ ਧਿਆਨ ਨਾ ਦਿਤਾ। ਪਰ ਜਦ ਵਿਧਾਨ ਬਣ ਗਿਆ, ਹਿੰਦੀ ਵੀ ਰਾਸ਼ਟਰ-ਭਾਸ਼ਾ ਬਣ ਗਈ ਤਾਂ ਮਾਸਟਰ ਜੀ ਨੇ ਆਪਣੀ ਡਿਗਦੀ ਜਾਂਦੀ ਸਾਖ ਨੂੰ ਕਾਇਮ ਕਰਨ ਲਈ 'ਸਿੱਖ ਹੋਮਲੈਂਡ' ਦਾ ਨਾਅਰਾ ਲਾਉਣਾ ਸ਼ੁਰੂ ਕਰ ਦਿਤਾ, ਜਿਸ ਦਾ ਜ਼ਿਕਰ ਅਸੀਂ ਉਪਰ ਕਰ ਚੁਕੇ ਹਾਂ। ਸੋ 'ਪੰਜਾਬੀ ਸੂਬੇ' ਜਾਂ 'ਸਿੱਖ ਹੋਮਲੈਂਡ' ਦੀ ਮੰਗ 'ਪੰਥ ਰਤਨ ਮਾਸਟਰ ਤਾਰਾ ਸਿੰਘ ਜੀ' ਜਾਂ ਸਿੱਖਾਂ ਦੇ 'ਦਿਮਾਗ' ਅਤੇ 'ਦਰਵੇਸ਼ ਸਿਆਸਤਦਾਨ' ਗਿਆਨੀ ਕਰਤਾਰ ਸਿੰਘ ਦੇ ਦਿਮਾਗ਼ ਦੀ ਕਾਢ ਨਹੀਂ ਹੈ। ਇਹ ਪਹਿਲਾਂ ਹੀ 'ਪੜ੍ਹੇ ਲਿਖੇ' ਸਿੱਖਾਂ ਸ: ਕਪੂਰ ਸਿੰਘ, ਸਰ ਜੁਗਿੰਦਰ ਸਿੰਘ ਅਤੇ ਬਾਵਾ ਹਰਕਿਸ਼ਨ ਸਿੰਘ ਜਿਹੇ ਵਿਦਵਾਨਾਂ ਦੇ ਵਿਚਾਰ-ਅਧੀਨ ਸੀ, ਜਦੋਂ ਅਜੇ ਮਾਸਟਰ ਅਤੇ ਗਿਆਨੀ ਜਿਹੇ ਲੀਡਰ ਇਹ ਸੋਚ ਵੀ ਨਹੀਂ ਸਨ ਸਕਦੇ ਕਿ ਇਸ ਆਧਾਰ ਉਤੇ ਅੰਗ੍ਰੇਜ਼ਾਂ, ਕਾਂਗਰਸੀਆਂ ਜਾਂ ਮੁਸਲਮ ਲੀਗ ਨਾਲ ਗੱਲ ਚਲਾਈ ਜਾ ਸਕਦੀ ਹੈ ਅਤੇ 'ਪੰਥ' ਨੂੰ ਹਰਕਤ ਵਿਚ ਲਿਆਂਦਾ ਜਾ ਸਕਦਾ ਹੈ। ਇਹ ਤਾਂ ਜਦ ਵਿਧਾਨ ਤਿਆਰ ਹੋ ਗਿਆ, ਪਾਣੀ ਸਿਰ ਉਤੋਂ ਦੀ ਨਿਕਲ ਗਿਆ, ਤਾਂ ਅਕਾਲੀ ਲੀਡਰਾਂ ਨੂੰ ਹੋਸ਼ ਆਈ ਕਿ ਕਿਵੇਂ "ਪੰਜਾਬੀ ਬੋਲਦੇ ਪ੍ਰਾਂਤ" ਦਾ ਨਾਂ ਸੁਣ ਕੇ ਹੀ ਪੰਜਾਬ ਦੇ ਸਭ ਹਿੰਦੂ ਸਭਾਈ, ਆਰੀਆ ਸਮਾਜੀ, ਤੇ ਕਾਂਗਰਸੀ ਹਿੰਦੂ ਇਸ ਹੱਦ ਤਕ ਝੂਠ ਬੋਲਣ ਉਤੇ ਉਤਰ ਆਏ ਹਨ ਕਿ ਪੰਜਾਬੀ ਸਾਡੀ ਮਾਤ-ਬੋਲੀ ਹੀ ਨਹੀਂ, ਤਾਂ 'ਪੰਥ ਖਤਰੇ ਵਿਚ' ਦੀ ਦੁਹਾਈ ਪੈਣ ਲਗੀ।



ਇਤਿਹਾਸਕਾਰ ਡਾ: ਗੰਡਾ ਸਿੰਘ ਦਾ ਕਹਿਣਾ ਹੈ ਕਿ 1932-3? ਵਿਚ "ਕਮਿਊਨਲ ਐਵਾਰਡ ਦੇ ਵਿਰੋਧ ਵਿਚ ਜੇ ਕਿਧਰੇ ਸਿੱਖ 'ਲੀਡਰ' ਥੋੜੀ ਜਿਹੀ ਕੁਰਬਾਨੀ ਕਰ ਗੁਜ਼ਰਦੇ ਤਾਂ ਪੰਜਾਬ ਇਸ ਦੀ ਮਾਰ ਤੋਂ ਬਚ ਜਾਂਦਾ ਅਤੇ ਨਵੀਂ ਗੱਲਬਾਤ ਵਿਚ ਇਸ ਦਾ ਨਕਸ਼ਾ ਅਤੇ ਇਤਿਹਾਸ ਹੋਰ ਹੀ ਹੋ ਜਾਂਦਾ।" (ਸਾਚੀ ਸਾਖੀ, ਮੁਖਬੰਧ, ਪੰਨਾ 4)

ਕਮਿਊਨਲ ਐਵਾਰਡ ਦੇ ਲਾਗੂ ਹੋਣ ਤੋਂ ਪਹਿਲਾਂ ਅਕਾਲੀ ਨੇਤਾ ਤੇ ਹੋਰ ਸਿੱਖ ਆਗੂ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਲਾਹੌਰ ਵਿਖੇ ਜੁੜੇ ਸਨ ਅਤੇ ਸਰਵ-ਸੰਮਤੀ ਨਾਲ ਉਹਨਾਂ ਫੈਸਲਾ ਕੀਤਾ ਸੀ ਕਿ "ਸਿੱਖ ਕਟ ਕੇ ਮਰ ਜਾਣਗੇ, ਪਰ ਕਮਿਊਨਲ ਐਵਾਰਡ ਨੂੰ ਪੰਜਾਬ ਵਿਚ ਲਾਗੂ ਨਹੀਂ ਹੋਣ ਦੇਣਗੇ।" ਇਸ, ਜੁਲਾਈ 1936 ਦੇ ਸਿੱਖ ਸਮਾਗਮ ਦੀਆਂ ਖਬਰਾਂ ਜਦ ਬਰਤਾਨਵੀ ਸਰਕਾਰ ਪਾਸ ਲੰਡਨ ਪੁਜੀਆਂ ਤਾਂ ਉਥੇ ਬੜੀ ਚਿੰਤਾ ਹੋਈ ਅਤੇ ਸੋਚ-ਵਿਚਾਰ ਪਿਛੋਂ ਸਤੰਬਰ 1936 ਵਿਚ ਇਹ ਫੈਸਲਾ ਕੀਤਾ ਗਿਆ ਕਿ ਜੇ ਸਿੱਖ ਸੱਚ ਹੀ ਕਮਿਊਨਲ ਐਵਾਰਡ ਦਾ ਵਿਰੋਧ ਕਰਦੇ ਹੋਏ ਮਰਨ-ਮਾਰਨ 'ਤੇ ਆ ਜਾਣ ਤਾਂ ਪੰਜਾਬ ਪ੍ਰਾਂਤ ਵਿਚ ਕਮਿਊਨਲ ਐਵਾਰਡ ਲਾਗੂ ਨਾ ਕੀਤਾ ਜਾਏ ਅਤੇ ਪੰਜਾਬ ਦੇ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦੀ ਗੋਲ ਮੇਜ਼ ਕਾਨਫਰੰਸ ਇਸ ਫਿਰਕੇਦਾਰੀ ਤਨਾਸਬ ਨੂੰ ਨਜਿਠਣ ਲਈ ਬੁਲਾਈ ਜਾਏ। ਪਰ ਮਾਰਚ 1937 ਵਿਚ ਹੋਣ ਵਾਲੀਆਂ ਚੋਣਾਂ ਦੇ ਸਮੇਂ ਤਕ ਇਹ ਆਗੂ ਕਮਿਊਨਲ ਐਵਾਰਡ ਬਾਰੇ ਰੋਸ ਨੂੰ ਭੁਲ ਚੁਕੇ ਸਨ ਅਤੇ ਝਗੜਾ ਇਹ ਰਹਿ ਗਿਆ ਸੀ ਕਿ ਪੰਜਾਬ ਕੌਂਸਲ ਲਈ ਮਾਸਟਰ ਤਾਰਾ ਸਿੰਘ ਦੇ ਬੰਦੇ ਚੁਣੇ ਜਾਣ ਕਿ ਸਰ ਸੁੰਦਰ ਸਿੰਘ ਮਜੀਠੀਆ (ਚੀਫ ਖਾਲਸਾ ਦੀਵਾਨ) ਦੇ। ਆਖਰ ਮਾਸਟਰ ਤਾਰਾ ਸਿੰਘ ਦਾ ਧੜਾ ਜਿੱਤ ਗਿਆ ਅਤੇ ਇਸ ਧੜੇ ਦੇ ਧਨੀ (ਫਾਈਨੈਨਸੀਅਰ) ਸਰਦਾਰ ਬਲਦੇਵ ਸਿੰਘ ਸਿੱਖਾਂ ਵਲੋਂ ਵਜ਼ੀਰ ਬਣੇ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਖੜਕ ਸਿੰਘ ਤੋਂ ਬਾਅਦ, ਮਾਸਟਰ ਤਾਰਾ ਸਿੰਘ ਦੇ ਜ਼ਮਾਨੇ ਤੋਂ, ਅਕਾਲੀ ਨੇਤਾਵਾਂ ਨੇ ਨਾ ਕਦੇ ਸਿਧਾਂਤਾਂ ਦੀ ਪਰਵਾਹ ਕੀਤੀ, ਨਾ ਆਪਣੇ ਗੁਰਮਤਿਆਂ ਦੀ। ਉਹਨਾਂ ਨੇ ਲੀਡਰੀ, ਵਜ਼ੀਰੀ ਤੇ ਧੜੇ ਪਾਲਣ ਵਲ ਹੀ ਸਾਰਾ ਜ਼ੋਰ ਲਗਾਈ ਰਖਿਆ। ਪੰਜਾਹ ਸਾਲ ਤੋਂ 'ਪੰਥ' ਦੀ ਅਗਵਾਈ 'ਜਥੇਦਾਰ' ਅਤੇ 'ਸੰਤ' ਹੀ ਕਰਦੇ ਰਹੇ ਸਨ। ਇਸ ਦੌਰਾਨ ਤੀਹ ਸਾਲ ਮਾਸਟਰ ਤਾਰਾ ਸਿੰਘ ਸਿੱਖਾਂ ਦਾ 'ਮਹਾਤਮਾ ਗਾਂਧੀ' ਅਥਵਾ 'ਡਿਕਟੇਟਰ' ਬਣਿਆ ਰਿਹਾ ਅਤੇ ਇਹ ਜਥੇਦਾਰ ਤੇ ਸੰਤ (ਜੋ ਆਮ ਤੌਰ 'ਤੇ ਜਟ-ਸਿੱਖ ਹੀ ਹੋਏ ਹਨ) ਸਿੱਖ ਸਿਆਸਤ ਉਤੇ ਛਾਏ ਰਹੇ। ਇਹ ਆਗੂ ਇਸ ਦੌਰਾਨ ਕੇਂਦਰੀ ਬੁਰਜੁਆਜ਼ੀ ਨਾਲ ਸਮੇਂ ਸਮੇਂ ਘੋਲ ਘੁਲਣ ਤੇ ਮੁੜ ਜੁੜਨ ਦੇ ਵਿਰੋਧੀ-ਵਿਕਾਸੀ ਰਾਹ ਉਤੇ ਅਮਲ ਕਰਦੇ ਹੋਏ ਆਪਣੇ ਲਈ ਤੇ ਆਪਣੇ ਪ੍ਰਤੀਨਿਧਾਂ ਲਈ ਗੱਦੀਆਂ ਦਾ ਜੁਗਾੜ ਕਰਦੇ ਰਹੇ ਹਨ। ਕੇਂਦਰੀ ਸਰਮਾਏਦਾਰੀ ਇਕ ਲੂਣ ਦੀ ਖਾਣ ਹੈ। ਜੋ ਵੀ ਇਸ ਖਾਣ ਵਿਚ ਜਾ ਪਿਆ, ਲੂਣ ਹੀ ਹੋ ਨਿਬੜਿਆ। ('ਹਰ ਕਿ ਦਰ ਕਾਨੇ-ਨਮਕ ਰਫ਼ਤ, ਨਮਕ ਸ਼ੁਧ')। ਬਲਦੇਵ ਸਿੰਘ, ਪਰਤਾਪ ਸਿੰਘ ਕੈਰੋਂ, ਮੁਸਾਫਿਰ, ਸਵਰਨ ਸਿੰਘ, ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ, ਦਰਦੀ, ਜਥੇਦਾਰ ਮਝੈਲ, ਨਾਗੋਕੇ, ਲਾਲਪੁਰਾ, ਫੇਰੂਮਾਨ, ਸਭ ਬਰਾਸਤਾ ਅਕਾਲੀ ਦਲ ਅੰਤ ਵਿਚ ਕਾਂਗਰਸ ਦੀ ਝੋਲੀ ਵਿਚ ਪਏ। ਏਸ ਤਰ੍ਹਾਂ ਜਸਟਿਸ ਗੁਰਨਾਮ ਸਿੰਘ ਤੇ ਲਛਮਨ ਸਿੰਘ ਗਿੱਲ ਮੁਖ ਮੰਤਰੀ ਬਣਨ ਦੀ ਖਾਤਰ ਅਕਾਲੀ ਦਲ ਨੂੰ ਛਡ ਕੇ ਕਾਂਗਰਸ ਦੀ ਸ਼ਰਨ ਵਿਚ ਗਏ। ਇਸ ਸਾਰੇ ਪਰਪੰਚ ਨੂੰ ਚਲਾਉਣ ਲਈ ਕੋਈ 'ਵਾਹਦ ਹਸਤੀ', 'ਨਿਰਲੇਪ ਹਸਤੀ' ਜਾਂ 'ਪਿਤਾਮਾ' (Father-figure) ਵੀ ਲੋੜੀਦਾ ਸੀ। ਤੀਹ ਸਾਲ ਤਕ, 1960 ਤਕ, ਇਹ

ਪਿਤਾਮਾ ਮਾਸਟਰ ਤਾਰਾ ਸਿੰਘ ਸੀ। ਫੇਰ ਸੰਤ ਫਤਿਹ ਸਿੰਘ ਨੇ ਮਾਸਟਰ ਨੂੰ ਗੁਠੇ ਲਗਾ ਦਿਤਾ ਅਤੇ ਇਸ ਖੇਲ ਵਿਚ ਜਵਾਹਰ ਲਾਲ ਨਹਿਰੂ ਨੇ ਸੰਤ ਦੀ ਪਿਠ 'ਤੇ ਹਥ ਰਖਿਆ। ਸੰਤ ਦੀ ਸਾਖ ਨੂੰ ਡੇਗਣ ਲਈ ਦਰਸ਼ਨ ਸਿੰਘ ਫੇਰੂਮਾਨ ਦੇ ਮਰਨ-ਵਰਤ ਤੇ 'ਸ਼ਹੀਦੀ' ਨੇ ਖਾਸ ਰੋਲ ਅਦਾ ਕੀਤਾ। ਖਾਲੀ ਹੋਈ ਥਾਂ ਨੂੰ ਭਰਨ ਲਈ ਇਕ ਹੋਰ ਸੰਤ (ਲੌਂਗੋਵਾਲ) ਦੋ ਜਥੇਦਾਰ (ਟੌਹੜਾ ਤੇ ਤਲਵੰਡੀ) ਅਤੇ ਵਜ਼ਾਰਤੀ ਗੱਦੀ ਦਾ ਦਾਅਵੇਦਾਰ ਪ੍ਰਕਾਸ਼ ਸਿੰਘ ਬਾਦਲ (ਹਜ਼ਾਰਾਂ ਏਕੜ ਭੂਮੀ ਦਾ ਸਵਾਮੀ) ਉਭਰ ਕੇ ਸਾਹਮਣੇ ਆਏ। ਪੰਜਾਹ ਸਾਲ ਤੋਂ ਮੁੜ ਮੁੜ ਸੰਤਾਂ, ਜਥੇਦਾਰਾ ਤੇ ਪਿਤਾਮਿਆਂ ਦਾ ਸਿੱਖ ਸਿਆਸਤ ਵਿਚ ਉਭਰਨਾ ਅਤੇ ਫੇਰ ਉਹਨਾਂ ਦਾ ਪਤਨ (ਕਿਉਂਕਿ ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ ਅਤੇ ਜਥੇਦਾਰ ਤਲਵੰਡੀ ਸਮੇਂ ਸਮੇਂ ਅਕਾਲ ਤਖਤ ਵਲੋਂ 'ਤਨਖਾਹੀਆ' ਵੀ ਕਰਾਰ ਦਿਤੇ ਗਏ ਹਨ), ਮੁੜ ਮੁੜ ਲੜ-ਮਰਨ ਜਾਂ ਸੜ-ਮਰਨ ਦੀਆਂ ਧਮਕੀਆਂ ਦੇਣੀਆਂ, ਆਢੇ ਜਾਂ ਮੋਰਚੇ ਲਾਉਣੇ, ਤੇ ਅਖੀਰ ਵਿਚ ਕੇਂਦਰੀ ਹੁਕਮਰਾਨਾਂ ਨਾਲ ਕੋਈ ਨਾ ਕੋਈ ਸਮਝੌਤਾ ਕਰਨ ਦਾ ਰਾਹ ਲਭ ਲੈਣਾ—ਇਹ ਸਭ ਕਿਸ ਗੱਲ ਦੀ ਅਲਾਮਤ ਹੈ? 7 ਸਤੰਬਰ 1981 ਵਾਲੇ ਦਿਨ ਦਿੱਲੀ ਵਿਖੇ ਜੋ 'ਧਰਮ ਯੁਧ' ਦੀ ਤਿਆਰੀ ਲਈ ਜਲੂਸ ਕਢਿਆ ਗਿਆ (ਜਿਸ ਨੂੰ ਪੰਜਾਬ ਦੇ ਕਾਂਗਰਸੀਆਂ ਨੇ 'ਕੁਰਸੀ ਯੁਧ' ਦਾ ਜਲੂਸ ਕਿਹਾ ਹੈ) ਉਹ ਕਿਸ ਮਜਬੂਰੀ ਦਾ ਪ੍ਰਗਟਾਵਾ ਹੈ? ਕੌਮੀ ਤੇ ਕੌਮਾਂਤਰੀ ਹਾਲਾਤ ਦੇ ਪ੍ਰਸੰਗ ਵਿਚ 'ਖਾਲਿਸਤਾਨ' ਦਾ ਸ਼ੋਸ਼ਾ (ਕੀ ਇਹ 'ਸ਼ੋਸ਼ਾ' ਹੀ ਹੈ?) ਕਿਸ ਮੰਤਵ ਲਈ ਉਛਾਲਿਆ ਜਾ ਰਿਹਾ ਹੈ? ਇਹਨਾਂ ਸਭ ਪ੍ਰਸ਼ਨਾਂ ਨੂੰ ਦੇਸ਼ ਦੇ ਰਾਜਸੀ-ਆਰਥਕ ਹਾਲਾਤ ਦੇ ਪ੍ਰਸੰਗ ਵਿਚ ਵਾਚਨ ਦੀ ਲੋੜ ਹੈ।

'ਧਰਮ ਯੁਧ' ਜਾਂ 'ਖਾਲਿਸਤਾਨ' ਜਾਂ 'ਵੱਖਰੀ ਕੌਮ' ਦੀਆਂ ਗੱਲਾਂ ਜਾਂ ਜਲਸੇ-ਜਲੂਸਾਂ-ਮੋਰਚਿਆਂ ਨੇ ਸਿੱਖ-ਸਿਆਸਤ ਦੇ ਪਾਣੀਆਂ ਵਿਚ ਇਕ ਨਵਾਂ ਤਲਾਤਮ ਪੈਦਾ ਕੀਤਾ ਹੈ। ਇਸ ਤਲਾਤਮ ਦੀਆਂ ਕੁਝ ਤਰੰਗਾਂ ਇਸ ਪ੍ਰਕਾਰ ਹਨ: ਕੈਨੇਡਾ ਵਿਚ 'ਖਾਲਿਸਤਾਨ ਦੇ ਸ਼ਰਨਾਰਥੀ'; ਸੁਖਜਿੰਦਰ ਸਿੰਘ ਦਾ ਦਲ ਤੋਂ ਅਸਤੀਫਾ, ਖਾਲਿਸਤਾਨ ਲਈ ਵਿਦੇਸ਼ਾਂ ਦੀ ਸਹਾਇਤਾ ਲੈਣ ਬਾਰੇ ਉਸ ਦਾ ਬਿਆਨ ਅਤੇ ਪੰਜਾਬ ਸਰਕਾਰ ਦਵਾਰਾ ਉਸ ਬਾਰੇ ਸੰਭਾਵਤ ਕਾਰਵਾਈ; ਸੰਤ ਭਿੰਡਰਾਂਵਾਲੇ ਦਾ ਬਿਆਨ ਕਿ ਦੋਵੇਂ ਅਕਾਲੀ ਦਲ (ਲੌਂਗੋਵਾਲ ਤੇ ਤਲਵੰਡੀ) ਜਾਗੀਰਦਾਰਾਂ ਦੇ ਹਥ-ਠੋਕੇ ਹਨ; ਭਿੰਡਰਾਂਵਾਲੇ ਤੇ ਸੁਖਜਿੰਦਰ ਦਾ ਗਠ-ਜੋੜ; ਨਿਹੰਗਾਂ ਦਾ ਤਲਵੰਡੀ ਨਾਲ ਗਠ-ਜੋੜ; ਸਿੱਖ-ਸਟੂਡੈਂਟਸ-ਫ਼ੈਡਰੇਸ਼ਨ ਤੇ ਸਿੱਖ-ਯੂਥ-ਫੈਡਰੇਸ਼ਨ ਉਤੇ ਆਧਾਰਤ 'ਨੈਸ਼ਨਲ ਕੌਂਸਲ ਆਫ ਖਾਲਿਸਤਾਨ' ਦਵਾਰਾ ਸੁਖਜਿੰਦਰ ਦਾ ਸਨਮਾਨ; ਲੌਂਗੋਵਾਲ ਦਾ ਬਿਆਨ ਕਿ ਖਾਲਿਸਤਾਨੀਆਂ ਨੂੰ ਕਾਂਗਰਸ (ਇੰਦਰਾ) ਦੀ ਸ਼ਹਿ ਹੈ; ਲੌਂਗੋਵਾਲ ਅਕਾਲੀ ਦਲ ਅਤੇ ਕਾਂਗਰਸ ਦਵਾਰਾ ਪੰਜਾਬ ਵਿਚ ਕੁਲੀਸ਼ਨ ਵਜ਼ਾਰਤ ਦੀ ਸੰਭਾਵਨਾ ਦੇ ਚਰਚੇ; ਦੋਵਾਂ ਅਕਾਲੀ ਦਲਾਂ ਵਲੋਂ 'ਖਾਲਿਸਤਾਨ' ਦਾ ਵਿਰੋਧ; ਨੀਮ-ਸਰਕਾਰੀ ਸਿੱਖ ਜਥੇਬੰਦੀਆਂ ਜਿਵੇਂ ਭੁਪਿੰਦਰ ਸਿੰਘ ਮਾਨ ਸਾਬਕ ਐਮ. ਪੀ. ਦੀ 'ਆਲ ਇੰਡੀਆ ਸਿੱਖ ਕੌਂਸਲ' ਅਤੇ ਏਸੇ ਤਰ੍ਹਾਂ ਜੰਮੂ-ਕਸ਼ਮੀਰ ਦੇ ਸੰਤ ਸਿੰਘ ਤੇਗ ਵਲੋਂ 'ਖਾਲਿਸਤਾਨ' ਦਾ ਵਿਰੋਧ ਆਦਿ।

ਯੂ. ਐਨ. ਓ. ਵਿਚ 'ਖਾਲਿਸਤਾਨ' ਲਈ ਮੈਂਬਰੀ ਦੀ ਆਰਜ਼ੀ-ਮਾਨਤਾ ਲੈਣ ਅਤੇ 'ਖਾਲਿਸਤਾਨ' ਲਈ ਬਦੇਸ਼ਾਂ ਤੋਂ ਸਹਾਇਤਾ ਲੈਣ ਦੇ ਦਮਗਜਿਆਂ ਤੋਂ ਲੈ ਕੇ, ਹੇਠਾਂ ਭਾਰਤੀ ਗਣਰਾਜ ਦੇ ਅਧੀਨ ਹੀ ਪ੍ਰਾਂਤਾਂ ਲਈ ਕੁਝ ਵਧੇਰੇ ਹੱਕ ਮੰਗਣ ਲਈ ਜਲੂਸ ਕਢਣ ਤਕ, ਸਿੱਖ-ਰਾਜਨੀਤੀ ਅਤੇ ਸਿੱਖ ਜਨਤਾ ਨੂੰ ਅੰਦੋਲਨ ਕਰਨ ਲਈ ਕਈ ਪਧਰਾਂ ਉਤੇ ਤੈਹਾਂ-ਦਰ-ਤੈਹਾਂ ਵਾਲੀ ਸਰਗਰਮੀ ਦੇਖਣ ਵਿਚ ਮਿਲਦੀ ਹੈ। ਇਸ ਤਰ੍ਹਾਂ ਸਿੱਖ-ਸਿਆਸਤ ਵਿਚ ਵੀ ਮਾਨਵੀ ਵਿਕਾਸ ਦੇ ਸਿਧਾਂਤਕਾਰ ਚਾਰਲਸ ਡਾਰਵਿਨ ਦੇ "ਵਧੇਰੇ ਯੋਗਤਾ ਵਾਲੇ ਦਾ ਬਚਾਉ" (Survival of the fiittest) ਵਾਲਾ ਅਮਲ ਕਾਰ-ਫਰਮਾ ਹੋ ਰਿਹਾ ਹੈ। 'ਅੱਤ-ਵਾਦੀਆਂ' ਨੇ ਆਪਣੇ ਕਾਰਨਾਮਿਆ ਨਾਲ 'ਨਰਮ-ਦਲੀਆਂ' ਨੂੰ ਵੀ ਕੁਝ ਹਰਕਤ ਵਿਚ ਆਉਣ ਲਈ ਮਜਬੂਰ ਕਰ ਦਿਤਾ ਹੈ। ਪਰ ਕੇਂਦਰੀ ਸਰਮਾਏਦਾਰੀ ਨਰਮ-ਦਲੀਆਂ ਦੀਆਂ ਮਾਮੂਲੀ ਜਿਹੀਆਂ ਮੰਗਾਂ (ਜਿਵੇਂ ਸਿੱਖਾਂ ਲਈ ਨਵਾਂ ਬੈਂਕ, ਜਾਂ 'ਪੰਜਾਬ-ਸਿੰਧ ਬੈਂਕ' ਦੀ ਕੌਮੀਕਰਨ ਤੋਂ ਮੁਕਤੀ, ਭਾਖੜੇ ਤੋਂ ਪੰਜਾਬ ਨੂੰ ਵਧੇਰੇ ਪਾਣੀ, ਪੰਜਾਬ ਲਈ ਕੋਈ ਨਵਾਂ ਪਲਾਂਟ ਜਾਂ ਪ੍ਰਾਜੈਕਟ, ਹਵਾਈ ਨਕਸ਼ੇ ਉਤੇ ਅੰਮਿਰਤਸਰ ਲਈ ਅੱਡਾ, ਆਦਿ) ਵੀ ਓਸੇ ਸੂਰਤ ਵਿਚ ਹੀ, ਕਿਸੇ ਦਿਨ ਜਾ ਕੇ ਕਬੂਲ ਕਰੇਗੀ, ਜਦ ਉਸ ਨੂੰ ਇਹਨਾਂ ਨਰਮ-ਦਲੀਆਂ ਦੀ ਕਝ ਨਾ ਕੁਝ ਤਾਕਤ ਦਾ ਅਹਿਸਾਸ ਹੋਵੇਗਾ। ਜੇ ਇਸ ਵਿਚਾਲੇ ਗਰਮ-ਦਲੀਆਂ ਨੇ ਮੈਦਾਨ ਵਧੇਰੇ ਹੀ ਗਰਮ ਕਰ ਦਿਤਾ ਅਤੇ ਸਿੱਖ ਜਨਤਾ ਦੇ ਵਧੇਰੇ ਭਾਗ ਨੂੰ ਮਗਰ ਲਾ ਕੇ ਅੰਦੋਲਨ ਕਰ ਦਿਤਾ ਤਾਂ ਹੋ ਸਕਦਾ ਹੈ ਕਿ ਅਕਾਲੀ ਦਲ ਦੀ ਲੀਡਰਸ਼ਿਪ ਹੀ ਬਦਲ ਜਾਵੇ ਅਤੇ ਕੋਈ ਨਵਾਂ ਸੰਤ ਜਾਂ ਪਿਤਾਮਾ ਸਿੱਖਾਂ ਦਾ 'ਵਾਹਦ' ਲੀਡਰ ਬਣ ਜਾਵੇ। ਅਜੇ ਤਾਂ ਕੁਠਾਲੀ ਵਿਚ ਪਏ ਹੋਏ ਢੇਰ ਸਾਰੇ ਮਸਲਿਆਂ ਜਿਹਾਂ ਨੂੰ ਭਖ ਮਿਲ ਰਹੀ ਹੈ।

(9.9.81)

---

## ਪ੍ਰਾਪਤ ਪੁਸਤਕਾਂ

- ਪੰਜਾਬ ਵਿਚ ਕਮਿਊਨਿਸਟ ਲਹਿਰ, ਭਗਵਾਨ ਸਿੰਘ ਜੋਸ਼, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ; ਸਫੇ 220; ਮੁੱਲ : 30 ਰੁਪੈ
- ਦਿਨ ਵੇਲੇ ਦੀ ਬਾਤ (ਕਵਿਤਾਵਾਂ), ਜਸਬੀਰ ਸਿੰਘ ਧੀਮਾਨ, ਰਵੀ ਸਾਹਿੱਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ; ਸਫੇ : 67; ਮੁੱਲ : ਦਸ ਰੁਪੈ
- ਹਾਸ਼ੀਏ ਤੋਂ ਬਿਨਾਂ (ਗ਼ਜ਼ਲ ਸੰਗ੍ਰਹਿ) ਦੇਵਿੰਦਰ ਜੋਸ਼, ਰਵੀ ਸਾਹਿੱਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ, ਸਫੇ 76, ਮੁੱਲ : 8 ਰੁਪੈ
- ਰਿਸ਼ਤਿਆਂ ਦੇ ਆਰ ਪਾਰ (ਕਹਾਣੀਆਂ); ਦਲਬੀਰ ਚੇਤਨ; ਆਦਿਕਾ ਪ੍ਰਕਾਸ਼ਨ, ਤਾਰਾਗੜ੍ਹ (ਅੰਮ੍ਰਿਤਸਰ); ਸਫੇ 104; ਮੁਲ : 12 ਰੁਪੈ

---

## ਬੇਨਤੀ

ਸੇਧ ਲਈ ਲਿਖਣ ਵਾਲੇ ਵਿਦਵਾਨਾਂ, ਲੇਖਕਾਂ ਨੂੰ ਸਾਡੀ ਬੇਨਤੀ ਹੈ ਕਿ ਉਹ

- ਕਾਗਜ਼ ਦੇ ਇਕ ਬੰਨੇ ਹੀ ਲਿਖਿਆ ਕਰਨ, ਖੁਲ੍ਹਾ ਹਾਸ਼ੀਆ ਛਡ ਕੇ ਲਿਖਿਆ ਕਰਨ ਅਤੇ ਖੁਲ੍ਹਾ ਖੁਲ੍ਹਾ ਸਾਫ਼ ਸਾਫ਼ ਲਿਖਿਆ ਕਰਨ;
- ਅੰਗਰੇਜ਼ੀ ਵਿਚ ਜੇ ਟੂਕਾਂ ਦੇਣੀਆਂ ਹੋਣ ਤਾਂ (ਜੇ ਸੰਭਵ ਹੋ ਸਕੇ) ਥੋੜਾ ਕਸ਼ਟ ਕਰ ਕੇ ਵੱਖਰੇ ਕਾਗਜ਼ 'ਤੇ ਟਾਈਪ ਕਰਵਾ ਕੇ ਨਾਲ ਨੱਥੀ ਕਰ ਦਿਆ ਕਰਨ;
- ਸ਼ਬਦਾਂ ਦੇ ਹਿੱਜੇ (ਸਪੈਲਿੰਗਜ਼) ਸੁਰਗਵਾਸੀ ਸ੍ਰ: ਤੇਜਾ ਸਿੰਘ ਵਾਲੇ ਰੱਖਣ, ਪੰਜਾਬੀ ਦੇ ਉਚਾਰਣ ਅਨੁਸਾਰ। ਹਿੰਦੀ ਦੀ ਨਕਲ ਕਰ ਕੇ ਆਰਥਕ, ਸਮਾਜਕ, ਪਰਵਾਰ ਆਦਿ ਜਿਹੇ ਸ਼ਬਦਾਂ ਵਿਚ ਖ਼ਾਹਮਖ਼ਾਹ ਸਿਹਾਰੀਆਂ ਨਾ ਫਸਾਇਆ ਕਰਨ। ਏਸੇ ਤਰ੍ਹਾਂ ਹੀ ਨ ਤੇ ਣ ਦੀ ਸਹੀ ਵਰਤੋਂ ਕਰਨ ਜਿਵੇਂ ਬਣਾਵਟ, ਬਣਨ ਆਦਿ ਸ਼ਬਦਾਂ ਵਿਚ।

# ਇਰਫਾਨ ਹਬੀਬ ਕੇਸ ਦਾ ਮਹੱਤਵ

ਡਾ: ਕੇ. ਐਨ. ਰਾਜ

[ਪ੍ਰੋ: ਹਬੀਬ ਦਾ 'ਕੇਸ' ਕੀ ਹੈ ? ਇਸ ਸੰਬੰਧੀ ਮੁੱਖ ਅਖਬਾਰਾਂ ਤੇ ਰਸਾਲਿਆਂ ਵਿਚ ਲੇਖ ਤੇ ਵਾਦ-ਵਿਵਾਦ ਛੱਪ ਚੁਕੇ ਹਨ । ਪ੍ਰੋ: ਹਬੀਬ ਨੇ 13 ਜਨਵਰੀ 1980 ਨੂੰ 'ਇੰਡੀਅਨ ਐਕਸਪ੍ਰੈਸ' ਨੂੰ ਇਕ ਇੰਟਰਵਿਊ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਮਾਮਲਿਆਂ ਸੰਬੰਧੀ ਦਿਤਾ ਸੀ । ਇਸ ਇੰਟਰਵਿਊ ਤੋਂ ਵਿਦਿਆਰਥੀਆਂ ਦਾ ਤੇ ਅਧਿਆਪਕਾਂ ਦਾ ਕੁਝ ਭਾਗ ਬਹੁਤ ਨਰਾਜ਼ ਹੋਇਆ ਤੇ ਉਨ੍ਹਾਂ ਨੇ ਪ੍ਰੋ: ਹਬੀਬ ਨੂੰ ਇਸਲਾਮ-ਵਿਰੋਧੀ ਹੋਣ ਤੇ ਮਾਰਕਸਵਾਦੀ ਹੋਣ ਦਾ ਫਤਵਾ ਦੇ ਕੇ ਉਸ ਯੂਨੀਵਰਸਿਟੀ ਵਿਚੋਂ ਨੂੰ ਕਢਵਾਉਣ ਦਾ ਬੀੜਾ ਚੁਕ ਲਿਆ ਤੇ ਭੜਕਾਊ ਐਜੀਟੇਸ਼ਨਾਂ ਸ਼ੁਰੂ ਕਰ ਦਿਤੀਆਂ। ਹਾਲਾਂਕਿ ਪ੍ਰੋ: ਹਬੀਬ ਦੇ ਦਿਤੇ ਇਸ ਇੰਟਰਵਿਊ ਵਿਚ ਕੁਝ ਵੀ ਐਸਾ ਨਹੀਂ ਹੈ ਜਿਸ ਨੂੰ ਪਹਿਲਾਂ ਇਰਫ਼ਾਨ-ਵਿਰੋਧੀ ਧੜੇ ਦੇ ਵਿਦਿਆਰਥੀ ਆਗੂ ਇਰਫ਼ਾਨ-ਉੱਲਾ-ਖਾਨ ਨੇ ਖ਼ੁਦ ਨਾ ਆਖਿਆ ਹੋਵੇ । ਅਸਲ ਨੁਕਤਾ ਇਹ ਹੈ ਕਿ ਪ੍ਰੋ: ਹਬੀਬ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਸੰਬੰਧੀ 'ਘੱਟ-ਗਿਣਤੀ ਦੀ ਸੰਸਥਾ' ਦੇ ਬਿੱਲ, ਜੋ ਪਾਰਲੀਮੈਂਟ ਵਿਚ ਪਿਆ ਹੈ, ਦੀਆਂ ਕੁਝ ਮੱਦਾਂ ਦਾ ਖੁੱਲਾ ਵਿਰੋਧ ਕਰਦੇ ਹਨ ਜਿਨ੍ਹਾਂ ਨਾਲ ਇਹ ਯੂਨੀਵਰਸਿਟੀ ਫਿਰਕੂ-ਤਾਕਤਾਂ ਦਾ ਹੱਥ-ਠੋਕਾ ਬਣ ਜਾਵੇਗੀ । ਤੇ ਇੰਜ ਅੱਗੇ ਫ਼ਿਰਕੂ ਤਾਕਤਾਂ ਨੂੰ ਹੋਰ ਤਾਕਤ ਤੇ ਮਜ਼ਬੂਤੀ ਹਾਸਿਲ ਹੋਵੇਗੀ । ਆਪਣੇ ਸਟੈਂਡ 'ਤੇ ਡਟੇ ਰਹਿਣ ਲਈ ਪ੍ਰੋ: ਇਰਫ਼ਾਨ ਹਬੀਬ ਨੂੰ ਬਹੁਤ ਸਾਰੇ ਬੁਧੀਮਾਨਾਂ ਦੀ ਹਿਮਾਇਤ ਹਾਸਿਲ ਹੋਈ ਹੈ ।

ਡਾ: ਕੇ. ਐਨ ਰਾਜ ਸਾਡੇ ਦੇਸ਼ ਦੇ ਉਘੇ ਆਰਥਕ ਮਾਹਿਰਾਂ ਵਿਚੋਂ ਹਨ । ਉਹ ਦਿੱਲੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਵੀ ਰਹਿ ਚੁਕੇ ਹਨ । ਅੱਜ ਕਲ੍ਹ ਉਹ ਟ੍ਰੀਵੈਂਡਰਮ ਵਿਖੇ ਸਥਿਤ ਇੰਡੀਅਨ ਸਕੂਲ ਆਫ਼ ਸੋਸ਼ਲ ਸਾਇੰਸਜ਼ ਦੇ ਮੁੱਖੀ ਹਨ ।]

ਅੱਜ ਅਸੀਂ ਆਪਣੇ ਇਕ ਸਾਥੀ ਇਰਫ਼ਾਨ ਹਬੀਬ ਨੂੰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਲੋਂ ਸਸਪੈਂਡ ਕੀਤੇ ਜਾਣ ਵਿਰੁਧ ਰੋਸ ਪ੍ਰਗਟ ਕਰਨ ਲਈ ਇਕੱਠੇ ਹੋਏ ਹਾਂ । ਮੈਂ ਆਪਣੇ ਆਪ ਨੂੰ ਇਸ ਰੋਸ ਵਿਚ ਸ਼ਰੀਕ ਕਰਦਾ ਹਾਂ ਹਾਲਾਂਕਿ ਮੈਨੂੰ ਪਤਾ ਹੈ ਕਿ ਅਜੇਹੇ ਰੋਸ ਦਾ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਅਧਿਕਾਰੀਆਂ ਉਪਰ ਕੋਈ ਅਸਰ ਨਹੀਂ ਹੋਵੇਗਾ । ਸਾਨੂੰ ਇਹ ਰੋਸ ਇਹ ਆਸ



ਲਾ ਕੇ ਨਹੀਂ ਪ੍ਰਗਟ ਕਰਨਾ ਚਾਹੀਦਾ ਕਿ ਸਾਡੀ ਆਵਾਜ਼ ਦੀ ਕੋਈ ਸੁਣਵਾਈ ਹੋਵੇਗੀ; ਸਗੋਂ ਸਾਨੂੰ ਇਹ ਰੋਸ ਇਸ ਗੱਲ ਨੂੰ ਮਖ ਰਖ ਕੇ ਪ੍ਰਗਟ ਕਰਨਾ ਚਾਹੀਦਾ ਹੈ ਕਿ ਅਸੀਂ ਵੀ ਉਨ੍ਹਾਂ ਅਸੂਲਾਂ ਅਤੇ ਆਦਰਸ਼ਾਂ ਨੂੰ ਡੀਫੈਂਡ ਕਰਨ ਲਈ ਖੜੇ ਹਾਂ ਜਿਨ੍ਹਾਂ ਅਸੂਲਾਂ ਅਤੇ ਆਦਰਸ਼ਾਂ ਲਈ ਪ੍ਰੋ: ਇਰਫ਼ਾਨ ਹਬੀਬ ਡਟੇ ਹੋਏ ਹਨ । ਅਸੀਂ ਅਜਿਹਾ ਇਸ ਮਕਸਦ ਲਈ ਕਰ ਰਹੇ ਹਾਂ ਕਿ ਅਸੀਂ ਆਪਣੇ ਲੋਕਾਂ ਵਿਚ ਇਸ ਗੱਲ ਦੀ ਸਪਸ਼ਟ ਸਮਝ ਉਜਾਗਰ ਕਰ ਸਕੀਏ ਕਿ ਅਜੋਕੇ ਹਾਲਾਤ ਵਿਚ ਕੀ ਕੁਝ ਘੱਟੇ ਵਿਚ ਰਲਾਇਆ ਜਾ ਰਿਹਾ ਹੈ ।

ਪ੍ਰੋ: ਹਬੀਬ ਦੀ ਖਬਰ ਪਿਛਲੇ ਕੁਝ ਮਹੀਨਿਆਂ ਤੋਂ ਅਖਬਾਰਾਂ ਵਿਚ ਹੈ ਤੇ ਉਨ੍ਹਾਂ ਨਾਲ ਯੂਨੀਵਰਸਿਟੀ ਵਲੋਂ ਕੀਤੀਆਂ ਵਧੀਕੀਆਂ ਦੇ ਖਿਲਾਫ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਭਰ ਤੋਂ ਬੁਧੀਜੀਵੀਆਂ ਨੇ ਉਨ੍ਹਾਂ ਦੀ ਹਿਮਾਇਤ ਵਿਚ ਬਿਆਨ ਜਾਰੀ ਕੀਤੇ ਹਨ ਤੇ ਰੋਸ ਪ੍ਰਗਟ ਕੀਤਾ ਹੈ । ਪ੍ਰੋ: ਹਬੀਬ ਅੰਤਰ-ਰਾਸ਼ਟਰੀ ਪਧਰ ਦੇ ਸਿਰਕੱਢ ਵਿਦਵਾਨ ਹਨ । ਉਹਨਾਂ ਦੀ ਸਕਾਲਰ ਦੇ ਤੌਰ 'ਤੇ ਹੀ ਮਾਨਤਾ ਨਹੀਂ; ਉਹਨਾਂ ਦੀ ਸ਼ਖਸੀਅਤ, ਹੌਂਸਲੇ ਤੇ ਇਮਾਨਦਾਰੀ ਤੋਂ ਵੀ ਲੋਕ ਵਾਕਿਫ਼ ਹਨ । ਹੌਸਲਾ ਤੇ ਇਮਾਨਦਾਰੀ ਅਜਿਹੇ ਗੁਣ ਹਨ ਜੋ ਬਹੁਤ ਵੇਰੀ ਅੰਤਰ-ਰਾ[illegible] ਪ੍ਰਸਿੱਧੀ ਪ੍ਰਾਪਤ ਕਰ ਚੁਕੇ ਵਿਦਵਾਨਾਂ ਵਿਚੋਂ ਵੀ ਬਹੁਤ ਘਟ ਵਿਚ ਹਨ । ਇਸ ਸਭ ਕਾਸੇ [illegible] ਬਾਵਜੂਦ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਅਧਿਕਾਰੀਆਂ ਦੇ ਕੰਨਾਂ ਉਪਰ ਜੂੰ ਤਕ [illegible] ਸਰਕੀ ਤੇ ਸਾਡੇ ਦੇਸ਼ ਦੀ ਉੱਚ-ਪੱਧਰੀ ਸਿਆਸੀ ਲੀਡਰਸ਼ਿਪ ਨੇ ਇਸ ਦੇ ਵਿਰੁਧ ਅਜੇ [illegible] ਅਧਿਕਾਰੀਆਂ ਨੂੰ ਕੋਈ ਤਾੜਨਾ ਨਹੀਂ ਕੀਤੀ । ਇਨ੍ਹਾਂ ਵਿਚੋਂ ਬਹੁਤ [illegible] ਲੁਕਵੇਂ ਰੂਪ [illegible] ਪਰਦੇ ਦੇ [illegible] ਛੇ ਰਹਿ ਕੇ ਜ਼ਰੂਰ ਪ੍ਰੋ: ਹਬੀਬ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ ਹੋਵੇਗੀ । ਪਰ [illegible] ਮਦਦ ਉਨ੍ਹਾਂ ਨੇ ਉਸ ਤਰ੍ਹਾਂ ਨਹੀਂ ਕੀਤੀ ਜਿਸ ਤਰ੍ਹਾਂ ਉਨ੍ਹਾਂ ਨੇ ਗਜ ਵੱਜ ਕੇ ਕਰਨੀ ਸੀ ਜੇ ਇਹੀ ਗੱਲ ਅਮਰੀਕਾ, ਰੂਸ ਜਾਂ ਸੋਵੀਅਤ ਯੂਨੀਅਨ ਵਿਚ ਹੋਈ ਹੁੰਦੀ ।

ਦੂਸਰੇ ਪਾਸੇ ਰੋਸ ਪ੍ਰਗਟ ਕਰਨ ਵਾਲਿਆਂ ਵਿਚੋਂ ਕਈਆਂ ਨੂੰ ਇਸ ਗੱਲ ਦਾ ਡੂੰਘਾ ਅਹਿਸਾਸ ਨਹੀਂ ਕਿ ਉਹ ਰੋਸ ਕਿਸ ਗੱਲ ਵਿਰੁਧ ਕਰ ਰਹੇ ਹਨ । ਉਨ੍ਹਾਂ ਵਿਚੋਂ ਕਈ ਇਸ ਗੱਲ ਵਿਰੁਧ ਰੋਸ ਪ੍ਰਗਟ ਕਰ ਰਹੇ ਹਨ ਕਿ ਇਰਫ਼ਾਨ ਹਬੀਬ ਨੂੰ ਕਿਉਂ ਉਸ ਦੇ ਵਿਸ਼ਵਾਸਾਂ ਕਾਰਨ ਤੰਗ ਕੀਤਾ ਜਾ ਰਿਹਾ ਹੈ । ਕੁਝ ਇਸ ਗੱਲ ਵਿਰੁਧ ਰੋਸ ਪ੍ਰਗਟ ਕਰ ਰਹੇ ਹਨ ਕਿ ਕਿਉਂ ਯੂਨੀਵਰਸਿਟੀ ਇਮਾਨਦਾਰ ਤੇ ਸ਼ਰੀਫ਼ ਲੋਕਾਂ ਨੂੰ ਖਾਹ-ਮਖਾਹ ਤੰਗ ਕਰਨ ਉਪਰ ਤੁਲੀ ਹੋਈ ਹੈ । ਇਹ ਭਾਵੇਂ ਮਹੱਤਵਪੂਰਨ ਗੱਲਾਂ ਹਨ ਪਰ ਤਾਂ ਵੀ ਸਿਰਫ ਇਨ੍ਹਾਂ ਉਪਰ ਹੀ ਸਾਰਾ ਧਿਆਨ ਲਾਉਣ ਨਾਲ ਅਸੀਂ ਉਨ੍ਹਾਂ ਅਸਲੀ ਨੁਕਤਿਆਂ ਨੂੰ ਅੱਖੋਂ ਪਰੋਖੇ ਕਰ ਰਹੇ ਹੋਵਾਂਗੇ ਜਿਨ੍ਹਾਂ ਨੂੰ ਬਚਾਉਣ ਲਈ ਪ੍ਰੋ: ਇਰਫ਼ਾਨ ਹਬੀਬ ਨੇ ਆਵਾਜ਼ ਉਠਾਈ ਹੈ ਤੇ ਜੋ ਬਿਨਾਂ ਕਿਸੇ ਛੋਟ ਦੇ ਭਾਰਤ ਦੀਆਂ ਸਭ ਯੂਨੀਵਰਸਿਟੀਆਂ ਨਾਲ ਸੰਬੰਧਤ ਹਨ ।

ਇਥੇ ਉਸ ਗੱਲ ਨੂੰ ਯਾਦ ਕਰਨਾ ਜ਼ਰੂਰੀ ਹੈ ਜਿਥੋਂ ਇਸ ਕੇਸ ਦੀ ਸ਼ੁਰੂਆਤ ਹੋਈ । ਪ੍ਰੋ: ਹਬੀਬ ਦਾ ਅਲੀਗੜ੍ਹ ਯੂਨੀਵਰਸਿਟੀ ਦੇ ਮਾਮਲਿਆਂ ਸੰਬੰਧੀ ਇਕ ਅਖਬਾਰ ਦੇ ਪਤਰਕਾਰ ਵਲੋਂ ਇੰਟਰਵਿਊ ਕੀਤਾ ਗਿਆ ਸੀ । ਇਸ ਇੰਟਰਵਿਊ ਦੇ ਦੌਰਾਨ ਉਸ ਨੇ ਕੁਝ ਅਜਿਹੀਆਂ ਕੌੜੀਆਂ ਗੱਲਾਂ ਵੀ ਆਖੀਆਂ ਜਿਹੜੀਆਂ ਯੂਨੀਵਰਸਿਟੀ ਦੀ ਵਡਿਆਈ ਨਹੀਂ ਸਨ ਕਰਦੀਆਂ । ਪ੍ਰੋ: ਹਬੀਬ ਦੇ ਇੰਟਰਵਿਊ ਦੇ ਮੁਖ ਨੁਕਤੇ ਇਹ ਸਨ : ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚ ਅਨੁਸ਼ਾਸਨ-ਹੀਣਤਾ; ਯੂਨੀਵਰਸਿਟੀ ਦਾ ਇਸ ਨੂੰ ਅੱਖੋਂ ਪਰੋਖੇ ਕਰੀ ਰੱਖਣਾ; ਇਮਤਿਹਾਨਾਂ ਅਤੇ ਦਾਖਲਿਆਂ ਦੇ

ਸੰਬੰਧ ਵਿਚ ਯੂਨੀਵਰਸਿਟੀ ਦਾ ਗ਼ੈਰ-ਇਮਾਨਦਾਰਾਨਾ ਵਤੀਰਾ; ਕਿਵੇਂ ਵਿਦਿਆ ਦੇ ਮਿਆਰ ਡਿਗਦੇ ਡਿਗਦੇ ਇਥੋਂ ਤਕ ਡਿਗ ਪਏ ਹਨ ਕਿ ਇਸ ਯੂਨੀਵਰਸਿਟੀ ਦੇ ਗਰੈਜੂਏਟਾਂ ਨੂੰ ਕੋਈ ਨੌਕਰੀ ਉਪਰ ਲਾਉਣ ਲਈ ਤਿਆਰ ਨਹੀਂ ਤੇ ਹਾਲਾਤ ਇਥੋਂ ਤਕ ਭੈੜੇ ਹੋ ਗਏ ਹਨ ਕਿ ਯੂਨੀਵਰਸਿਟੀ ਵਿਚ ਕੁਝ ਅਜਿਹੇ ਲੋਕ ਦਾਖਲ ਹਨ ਜਿਨ੍ਹਾਂ ਵਿਰੁਧ ਜੁਰਮ ਦੇ ਕੇਸ ਦਰਜ ਹਨ। ਪ੍ਰੋ: ਹਬੀਬ ਨੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨੂੰ ਲੰਮੇ ਸਮੇਂ ਲਈ ਛੁੱਟੀ ਦਿਤੇ ਜਾਣ ਤੇ ਬਾਹਰਲੇ ਮੁਲਕਾਂ ਵਿਚ ਤਿੰਨ ਤਿੰਨ ਸਾਲਾਂ ਲਈ ਪ੍ਰੋਫੈਸਰ ਲਗਣ ਦੀ ਖੁਲ੍ਹ 'ਤੇ ਉਨ੍ਹਾਂ ਆਸਾਮੀਆਂ ਨੂੰ ਯੋਗ ਲੋਕਾਂ ਨਾਲ ਨਾ ਭਰਣ ਤੇ ਉਂਜ ਹੀ ਖਾਲੀ ਰਖੇ ਜਾਣ ਤੇ ਉਸ ਦੇ ਪੜ੍ਹਾਈ ਉਪਰ ਪੈਣ ਵਾਲੇ ਭੈੜੇ ਪ੍ਰਭਾਵ ਦੀ ਨੁਕਤਾਚੀਨੀ ਕੀਤੀ। ਇਨ੍ਹਾਂ ਸੱਚੀਆਂ ਗੱਲਾਂ ਤੋਂ ਕੁਝ ਕੁ ਵਿਦਿਆਰਥੀ ਜਥੇਬੰਦੀਆਂ, ਅਧਿਆਪਕ ਤੇ ਉਨ੍ਹਾਂ ਪਿਛੇ ਕੰਮ ਕਰ ਰਹੇ ਫਿਰਕਾਪ੍ਰਸਤ ਅਨਸਰ ਤੇ ਯੂਨੀਵਰਸਿਟੀ ਦੇ ਅਧਿਕਾਰੀ ਗੁੱਸਾ ਖਾ ਗਏ। ਉਹਨਾਂ ਸਾਰਿਆਂ ਨੇ ਕਿਹਾ ਕਿ ਅਖਬਾਰ ਨੂੰ ਇੰਟਰਵਿਊ ਦੇ ਦੌਰਾਨ ਪ੍ਰੋ: ਹਬੀਬ ਨੇ ਅਜਿਹੀਆਂ ਗੱਲਾਂ ਕਰ ਕੇ ਯੂਨੀਵਰਸਿਟੀ ਦੇ ਨਾਂ ਨੂੰ ਕਲੰਕ ਲਾਇਆ ਹੈ। ਇਸ ਲਈ ਪ੍ਰੋ: ਹਬੀਬ ਨੂੰ ਯੂਨੀਵਰਸਿਟੀ ਵਿਚੋਂ ਕੱਢ ਦਿਤੇ ਜਾਣਾ ਚਾਹੀਦਾ ਹੈ।

ਅਸੀਂ ਪੂਰੀ ਤਰ੍ਹਾਂ ਈਮਾਨਦਾਰ ਨਹੀਂ ਹੋਵਾਂਗੇ ਜੇਕਰ ਅਸੀਂ ਇਸ ਗੱਲ ਨੂੰ ਵੀ ਸਵੀਕਾਰ ਨਾ ਕਰੀਏ ਕਿ ਜੋ ਕੁਝ ਪ੍ਰੋ: ਹਬੀਬ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਬਾਰੇ ਕਿਹਾ ਹੈ ਉਹ ਕੁਝ ਹੋਰ ਵਾਧੇ ਜਾਂ ਘਾਟੇ ਨਾਲ ਲਗਪਗ ਦੇਸ਼ ਦੀਆਂ ਸਾਰੀਆਂ ਯੂਨੀਵਰਸਿਟੀਆਂ ਬਾਰੇ ਵੀ ਸਹੀ ਹੈ। ਪ੍ਰੋ: ਹਬੀਬ ਨੇ ਇਸ ਗੱਲ ਬਾਰੇ ਵੀ ਬਹੁਤ ਸੰਸਾ ਪ੍ਰਗਟ ਕੀਤਾ ਹੈ ਕਿ ਪਾਰਲੀਮੈਂਟ ਵਿਚ ਪਏ ਬਿਲ ਦੇ ਪਾਸ ਹੋ ਜਾਣ ਨਾਲ ਅਲੀਗੜ੍ਹ ਮੁਸਲਿਮ ਯੂਮੀਵਰਸਿਟੀ ਨੂੰ ਘਟ-ਗਿਣਤੀ ਦੀ ਸੰਸਥਾ ਦਾ ਰੁਤਬਾ ਮਿਲ ਜਾਵੇਗਾ। ਇਸ ਨਾਲ ਬਹੁਤ ਸਾਰੇ ਅਸੂਲਾਂ ਜੋ ਪੜ੍ਹਾਈ ਦੇ ਮਿਆਰ ਦੇ ਪੱਖ ਤੋਂ ਬਹੁਤ ਜ਼ਰੂਰੀ ਅਸੂਲ ਹਨ, ਦਾ ਘਾਣ ਹੋ ਜਾਵੇਗਾ। ਇਹ ਸਭ ਕੁਝ ਘਟ ਗਿਣਤੀ ਦੇ ਲੋਕਾਂ ਦੇ ਹੱਕਾਂ ਦੇ ਨਾਂ ਹੇਠ ਕੀਤਾ ਜਾਵੇਗਾ। ਪ੍ਰੋ: ਹਬੀਬ ਇਸ ਬਿਲ ਦੀਆਂ ਕੁਝ ਕੁ ਮਹੱਤਵਪੂਰਨ ਮੱਦਾਂ ਦਾ ਵਿਰੋਧ ਕਰਨ ਕਾਰਨ ਉਨ੍ਹਾਂ ਲੋਕਾਂ ਦੀ ਨਾਰਾਜ਼ਗੀ ਮੁਲ ਲੈ ਬੈਠੇ ਜੋ ਘਟ-ਗਿਣਤੀ ਦੇ ਹੱਕਾਂ ਦੇ ਨਾਹਰੇ ਹੇਠ ਸਿਆਸੀ ਸੱਤਾ ਪ੍ਰਾਪਤ ਕਰ ਕੇ ਫਿਰ ਉਸ ਦੀ ਗ਼ਲਤ ਵਰਤੋਂ ਕਰਨ ਦੀ ਇਛਾ ਰਖਦੇ ਹਨ ਜਾਂ ਉਹਨਾਂ ਵਿਚ ਜੋ ਅਜਿਹਾ ਕਰ ਕੇ ਘਟ-ਗਿਣਤੀ ਦੀਆਂ ਵੋਟਾਂ ਬਟੋਰਨੀਆਂ ਚਾਹੁੰਦੇ ਹਨ। ਸਾਨੂੰ ਇਸ ਗੱਲ ਦਾ ਪੂਰਨ ਅਹਿਸਾਸ ਹੋਣਾ ਚਾਹੀਦਾ ਹੈ ਕਿ ਅਜਿਹੇ ਖਤਰਿਆਂ ਦੇ ਪ੍ਰੋ: ਹਬੀਬ ਦੇ ਸੰਸੇ ਕਿੰਨੇ ਜਾਇਜ਼ ਹਨ ਖਾਸ ਕਰ ਉਦੋਂ ਜਦੋਂ ਸਾਡੇ ਕੇਰਾਲਾ ਵਰਗੇ ਅਗਾਂਹ-ਵਧੂ ਸੂਬੇ ਵਿਚ ਵੀ ਯੂਨੀਵਰਸਿਟੀਆਂ ਨੂੰ ਘਟ ਗਿਣਤੀ ਦੀਆਂ ਸੰਸਥਾਵਾਂ ਭਾਵੇਂ ਸ਼ਰ੍ਹੇ-ਆਮ ਕਰਾਰ ਤਾਂ ਨਹੀਂ ਦਿਤਾ ਜਾ ਰਿਹਾ, ਪਰ ਸਾਰੀਆਂ ਪਾਰਟੀਆਂ ਦੇ ਸਾਹਮਣੇ ਇਹਨਾਂ ਵਿਚ ਕਈਆਂ ਨਾਲ ਕਿੰਨੀਆਂ ਵਧੀਕੀਆਂ ਕੀਤੀਆਂ ਜਾ ਰਹੀਆਂ ਹਨ।

ਸਿਰਫ ਕੇਰਾਲਾ ਵਿਚ ਹੀ ਇਹ ਹਾਲ ਨਹੀਂ। ਦੇਸ਼ ਦੇ ਬਾਕੀ ਸੂਬਿਆਂ ਦਾ ਵੀ ਇਹੀ ਹਾਲ ਹੈ। ਕੁਝ ਸਾਲ ਪਹਿਲਾਂ ਤਕ ਦਿੱਲੀ ਯੂਨੀਵਰਸਿਟੀ ਅਜੇਹੇ ਭੈੜੇ ਪ੍ਰਭਾਵ ਤੋਂ ਮੁਕਤ ਸੀ। ਪਰ ਅਜ ਅਜਿਹੀ ਗਲ ਨਹੀਂ ਹੈ। ਦਿੱਲੀ ਯੂਨੀਵਰਸਿਟੀ ਵਿਚ ਵੀ, ਭਾਵੇਂ ਛੋਟੇ ਪੈਮਾਨੇ ਉਤੇ ਹੀ, ਕੁਝ ਉਹੀ ਵਧੀਕੀਆਂ ਹੋਈਆਂ ਹਨ ਜਿਨ੍ਹਾਂ ਦਾ ਪ੍ਰੋ: ਹਬੀਬ ਨੇ ਆਪਣੇ ਇੰਟਰਵਿਊ ਵਿਚ ਜ਼ਿਕਰ ਕੀਤਾ ਹੈ। ਦਸ ਸਾਲ ਪਹਿਲਾਂ ਉਸ ਯੂਨੀਵਰਸਿਟੀ ਦੇ ਰਹਿ ਚੁਕੇ ਵਾਈਸ-ਚਾਂਸਲਰ ਦੀ ਹੈਸੀਅਤ ਵਿਚ ਮੈਂ ਆਪਣੇ ਤਜਰਬੇ ਦੇ ਆਧਾਰ ਉਪਰ ਇਹ ਕਹਿ ਸਕਦਾ ਹਾਂ ਕਿ ਜਦ ਉਸ ਯੂਨੀਵਰਸਿਟੀ ਵਿਚ



ਜੜ੍ਹਾਂ ਫੜੀ ਕੁਝ ਅਨਸਰਾਂ ਨੂੰ ਲੋਕਾਂ ਅੱਗੇ ਨੰਗੇ ਕੀਤੇ ਜਾਣ ਦਾ ਡਰ ਪੈਦਾ ਹੋਇਆ ਤਾਂ ਉਨ੍ਹਾਂ ਨੇ ਵੀ ਇਹੋ ਜੇਹਾ ਹੀ ਵਰਤਾਓ ਕੀਤਾ ਜਿਹੋ ਜਿਹਾ ਪ੍ਰੋ: ਹਬੀਬ ਦੇ ਵਿਰੋਧੀ ਹੁਣ ਕਰ ਰਹੇ ਹਨ। ਭਾ ਣ ਠੀਕ ਮਸਲਿਆਂ ਨੂੰ ਗ਼ਲਤ ਮਸਲਿਆਂ ਨਾਲ ਰੱਲਗੱਡ ਕਰ ਕੇ ਮਸਲਿਆਂ ਨੂੰ ਗੰਧਲਾ ਕਰ ਦੇਣਾ ਤਾਕਿ ਠੀਕ ਤੇ ਗ਼ਲਤ ਦਾ ਪਤਾ ਹੀ ਨਾ ਲੱਗ ਸਕੇ। ਅਜਿਹੇ ਅਨਸਰ ਬੜੀ ਚਾਲਾਕੀ ਨਾਲ ਵਿਦਿਆਰਥੀ ਤੇ ਅਧਿਆਪਕ ਜਥੇਬੰਦੀਆਂ, ਇਥੋਂ ਤਕ ਕਿ ਕਈ ਵੇਰ ਅਗਾਂਹ-ਵਧੂ ਜਥੇਬੰਦੀਆਂ, ਦੀ ਹਿਮਾਇਤ ਵੀ ਪ੍ਰਾਪਤ ਕਰ ਲੈਂਦੇ ਹਨ। ਅਸੱਲ ਵਿਚ ਉਹ ਸਭ ਨੂੰ ਭੁਚਲਾ ਕੇ ਹਾਲਾਤ ਦਾ ਅਜੇਹਾ ਬਿੰਬ ਪੇਸ਼ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ ਜਿਸ ਵਿਚ ਜਿਹੜਾ ਵੀ ਆਦਮੀ ਸਵਾਲ ਪੁੱਛਣ ਦਾ ਹੌਂਸਲਾ ਕਰਦਾ ਹੈ, ਓਹੀ ਸਭ ਨੂੰ ਆਦਰਸ਼ਵਾਦੀ, ਬਹੁਤੇ ਉਚੇ ਮਿਆਰਾਂ ਦੀ ਮੰਗ ਕਰਨ ਵਾਲਾ ਅਜੀਬ ਕਿਸਮ ਦਾ ਉਜੱਡ ਬੰਦ ਜਾਪਦਾ ਹੈ। ਜੇਕਰ ਅੱਜ ਕਲ੍ਹ ਇਮਾਨਦਾਰ ਵਾਈਸ-ਚਾਂਸਲਰ ਮਿਲਣੇ ਔਖੇ ਹੋ ਗਏ ਹਨ ਤਾਂ ਇਸ ਦੇ ਕਾਰਨ ਸਪਸ਼ਟ ਹਨ।

ਭਾਰਤ ਵਿਚ ਕੁਝ ਯੂਨੀਵਰਸਿਟੀਆਂ ਅਜਿਹੀਆਂ ਹਨ ਜਿਨ੍ਹਾਂ ਦੇ ਕੰਮ ਦਾ ਹਰ ਕੁਝ ਸਾਲਾਂ ਬਾਅਦ ਰੀਵੀਊ ਕੀਤੇ ਜਾਣ ਦੇ ਕਾਨੂੰਨ ਬਣੇ ਹੋਏ ਹਨ। ਇਨ੍ਹਾਂ ਯੂਨੀਵਰਸਿਟੀਆਂ ਵਿਚ ਬੰਗਲੌਰ, ਕਰਨਾਟਕ, ਤੇ ਮੈਸੂਰ ਯੂਨੀਵਰਸਿਟੀਆਂ ਸ਼ਾਮਿਲ ਹਨ ਜਿਨ੍ਹਾਂ ਦੇ ਕੰਮ ਦਾ ਹਰ ਪੰਜਾਂ ਸਾਲਾਂ ਬਾਅਦ ਰੀਵੀਊ ਕਰਨ ਦੇ ਕਾਨੂੰਨ ਪਾਸ ਹੋ ਚੁਕੇ ਹਨ। ਇਨ੍ਹਾਂ ਯੂਨੀਵਰਸਿਟੀਆਂ ਦੇ ਚਾਂਸਲ਼ਰ ਦੇ ਸੱਦੇ ਉਤੇ ਅਸੀਂ ਤਿੰਨ ਜਣੇ ਇੰਡੀਅਨ ਇੰਨਸਟੀਚੂਟ ਆਫ਼ ਸਾਇੰਸ ਦੇ ਪ੍ਰੋਫ਼ੈਸਰ ਸੀ. ਐਨ. ਆਰ. ਰਾਓ ਤੇ ਸ੍ਰੀ ਵੈਂਕਟੇਸ਼ਵਰਾ ਯੂਨੀਵਰਸਿਟੀ ਦੇ ਪਹਿਲੇ ਰਹਿ ਚੁਕੇ ਵਾਈਸ ਚਾਂਸਲਰ ਡਾ: ਜਗਨ ਨਾਥ ਰੈਡੀ ਅਜਿਹੀ ਜਾਂਚ ਕਰਨ ਵਾਲੇ ਕਮਿਸ਼ਨ ਦੇ 1979 ਵਿਚ ਮੈਂਬਰ ਬਣਨ ਲਈ ਸਹਿਮਤ ਹੋ ਗਏ। ਅਸੀਂ ਆਪਣੇ ਕੰਮ ਨੂੰ ਬੜੇ ਭਰੋਸੇ ਤੇ ਗੰਭੀਰਤਾ ਨਾਲ ਲਿਆ। ਪਰ ਸਾਨੂੰ ਇਹ ਜਾਣਨ ਵਿਚ ਬਹੁਤੀ ਦੇਰ ਨਾ ਲੱਗੀ ਕਿ ਇਥੇ ਵੀ 'ਸਿਆਸਤ', ਫਿਰਕਾਪ੍ਰਸਤੀ ਤੇ ਜਾਤੀਵਾਦ ਦੀਆਂ ਫੁਟ-ਪਾਊ ਤਾਕਤਾਂ ਦਾ ਮਿਲ-ਗੋਭਾ ਆਪਣੇ ਪੈਰ ਜਮਾਈ ਬੈਠਾ ਸੀ। ਇਥੇ ਵੀ ਉਹੀ ਹਾਲ ਸੀ ਜਿਹੋ ਜਿਹਾ ਕਿ ਬਾਕੀ ਹੋਰ ਯੂਨੀਵਰਸਿਟੀਆਂ ਵਿਚ ਸੀ। ਅਸੀਂ ਇਹ ਮਹਿਸੂਸ ਕੀਤਾ ਕਿ ਅਸੀਂ ਬਹੁਤਾ ਕੁਝ ਨਹੀਂ ਕਰ ਸਕਦੇ। ਕਿਉਂਕਿ ਅਸੀਂ ਕਮਿਸ਼ਨ ਦੇ ਮੈਂਬਰ ਬਣਨਾ ਸਵੀਕਾਰ ਕਰ ਲਿਆ ਸੀ, ਅਸੀਂ ਆਪਣੇ ਵਲੋਂ ਪੂਰੇ ਵਿਸ਼ਵਾਸ ਤੇ ਦਿਲ ਨਾਲ ਕੰਮ ਕਰਨ ਦਾ ਪ੍ਰਣ ਲਿਆ। ਪ੍ਰੋ: ਸੀ. ਐਨ. ਆਰ. ਟਾਓ ਜੋ ਸਾਡੇ ਦੇਸ਼ ਦੇ ਕੁਝ ਕੁ ਸਿਰਕੱਢ ਵਿਗਿਆਨੀਆਂ ਵਿਚੋਂ ਹਨ, ਨੇ ਬਹੁਤ ਸਾਰਾ ਸਮਾਂ ਲਗਾ ਕੇ ਅਜਿਹੀ ਕੋਰਸ-ਬਣਤਰ ਤਿਆਰ ਕੀਤੀ ਜਿਸ ਨਾਲ ਬੀ. ਏ. ਕਰਨ ਵਾਲੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਮਿਆਰ ਨੇ ਉੱਚਾ ਹੋਣਾ ਸੀ ਤੇ ਨਾਲ ਹੀ ਅਕਾਦਮਿਕ ਦਿਲਚਸਪੀ ਵਿਚ ਵਾਧਾ ਹੋਣਾ ਸੀ। ਅਸੀਂ ਯੂਨੀਵਰਸਿਟੀ ਨੂੰ ਦਰਪੇਸ਼ ਹੋਰ ਵੀ ਕਈ ਸਮੱਸਿਆਵਾਂ ਦੀ ਪੁਣ-ਛਾਣ ਕੀਤੀ ਤੇ ਅਗਸਤ 1980 ਵਿਚ ਰੀਪੋਰਟ ਪੇਸ਼ ਕੀਤੀ।

ਉਸ ਕਾਨੂੰਨ ਦੇ ਅਨੁਸਾਰ ਜਿਸ ਕਾਰਨ ਕਮਿਸ਼ਨ ਦੀ ਨਿਯੁਕਤੀ ਹੋਈ ਸੀ ਸਰਕਾਰ ਲਈ ਇਹ ਜ਼ਰੂਰੀ ਸੀ ਕਿ ਕਮਿਸ਼ਨ ਦੀਆਂ ਹਿਦਾਇਤਾਂ ਬਾਰੇ ਸਟੇਟ ਦੀ ਵਿਧਾਨ ਸਭਾ ਕੋਈ ਫੈਸਲਾ ਲੈਂਦੀ। ਉਨ੍ਹਾਂ ਹਿਦਾਇਤਾਂ ਨੂੰ ਸਵੀਕਾਰ ਜਾਂ ਨਾ-ਸਵੀਕਾਰ ਕਰਨ ਦਾ ਕਾਰਨ ਦਸਦੀ। ਸਾਨੂੰ ਤਿੰਨਾਂ ਨੂੰ ਵਿਸ਼ਵਾਸ਼ ਦਿਵਾਇਆ ਗਿਆ ਕਿ 1980 ਸਾਲ ਦੇ ਅੰਤ ਤਕ ਇਸ ਰੀਪੋਰਟ ਉਪਰ ਐਕਸ਼ਨ ਲਿਆ ਜਾਵੇਗਾ।

ਬਾਅਦ ਵਿਚ ਮੈਂ ਇਸ ਸੰਬੰਧੀ ਚਾਂਸਲਰ ਨੂੰ ਇਕ ਖ਼ਤ ਲਿਖਿਆ ਤੇ ਜਵਾਬ ਵਿਚ ਮੈਨੂੰ

ਦੱਸਿਆ ਗਿਆ ਕਿ ਕੁਝ ਮਹੀਨਿਆਂ ਵਿਚ ਹੀ ਐਕਸ਼ਨ ਲਿਆ ਜਾਵੇਗਾ। ਪਰ ਹੁਣ ਉਹ ਸਾਰੀਆਂ ਤਰੀਕਾਂ ਟਪ ਚੁਕੀਆਂ ਹਨ। ਜੋ ਲੋਕ ਕਾਰਨਾਟਕਾ ਦੀ ਸਿਆਸਤ ਤੇ ਉਥੋਂ ਦੀਆਂ ਯੂਨੀਵਰਸਿਟੀਆਂ ਵਿਚ ਜੋ ਹੋ ਰਿਹਾ ਹੈ ਤੋਂ ਵਾਕਿਫ ਹਨ ਇਹ ਜਾਣਦੇ ਹਨ ਕਿ ਚਾਂਸਲਰ ਦਾ ਯੂਨੀਵਰਸਿਟੀਆਂ ਦੇ ਮਮਲੇ ਉਪਰ ਕੋਈ ਕੰਟਰੋਲ ਨਹੀਂ ਹੈ। ਹੋਰ ਰੀਪੋਰਟਾਂ ਵਾਂਗ ਇਸ ਰੀਪੋਰਟ ਨੂੰ ਵੀ ਦਬਾ ਦਿਤਾ ਜਾਵੇਗਾ।

ਹੁਣ ਮੈਂ ਉਸ ਵਲ ਆਉਂਦਾ ਹਾਂ ਜੋ ਸਾਡੇ ਆਪਣੇ ਪ੍ਰਾਂਤ ਕੇਰਾਲਾ ਦੀਆਂ ਯੂਨੀਵਰਸਿਟੀਆਂ ਵਿਚ ਹੋ ਰਿਹਾ ਹੈ। ਮੈਂ ਉਨ੍ਹਾਂ ਲੋਕਾਂ ਦੀਆਂ ਯੋਗਤਾਵਾਂ ਬਾਰੇ ਜਿਨ੍ਹਾਂ ਨੂੰ ਵਾਈਸ-ਚਾਂਸਲਰ ਬਣਨ ਲਈ ਕਨਟੈਕਟ ਕੀਤਾ ਗਿਆ ਹੈ ਜਾਂ ਜਿਸ ਨੂੰ ਅੰਤ ਵਿਚ ਬਣਾਇਆ ਗਿਆ, ਕੁਝ ਨਹੀਂ ਕਹਿਣਾ ਚਾਹੁੰਦਾ। ਮੈਂ ਪੂਰੀ ਇਮਾਨਦਾਰੀ ਤੋਂ ਕੰਮ ਨਹੀਂ ਲੈ ਰਿਹਾ ਹੋਵਾਂਗਾ ਜੇਕਰ ਮੈਂ ਕਹਾਂ ਕਿ ਇਸ ਯੂਨੀਵਰਸਿਟੀ ਦੇ ਚਾਂਸਲਰ ਨੂੰ, ਜੋ ਸਟੇਟ ਦਾ ਗਵਰਨਰ ਹੈ, ਕਾਫੀ ਤੱਥਾਂ ਤੋਂ ਵਾਂਝਿਆ ਰਖਿਆ ਗਿਆ ਹੈ।

ਮੈਨੂੰ ਇਸ ਗੱਲ ਨੇ ਵੀ ਹੈਰਾਨ ਕਰ ਦਿਤਾ ਹੈ ਕਿ ਕੇਰਾਲਾ ਸਰਕਾਰ ਅਜਿਹਾ ਬਿਲ ਪਾਸ ਕਰਨਾ ਚਾਹੁੰਦੀ ਹੈ ਜਿਸ ਅਨੁਸਾਰ ਚਾਂਸਲਰ ਨੂੰ ਰਾਜ ਦੇ ਵਿਦਿਆ ਮੰਤਰੀ ਦੀ ਸਲਾਹ ਜ਼ਰੂਰ ਹੀ ਮੰਨਣੀ ਪਵੇਗੀ। ਇਹ ਸੰਭਵ ਹੈ ਕਿ ਕਿਤੇ ਚਾਂਸਲਰ ਵੀ ਗ਼ਲਤੀ ਖਾ ਸਕਦਾ ਹੈ ਪਰ ਮੈਂ ਕਦੇ ਵੀ ਇਹ ਗਲ ਸਵੀਕਾਰ ਨਹੀਂ ਕਰ ਸਕਦਾ ਕਿ ਯੂਨੀਵਰਸਿਟੀਆਂ ਦੇ ਮਾਮਲਿਆਂ ਸੰਬੰਧੀ ਸਾਰੀ ਅਕਲ ਦਾ ਸੋਮਾ, ਚੀਫ ਮਨਿਸਟਰ, ਵਿਦਿਆ ਮੰਤਰੀ ਜਾਂ ਕੈਬੀਨੈਟ ਨੂੰ ਮੰਨ ਲਿਆ ਜਾਵੇ। ਇਸ ਗੱਲ ਦਾ ਉਨ੍ਹਾਂ ਦੀ ਨਿਜੀ ਲਿਆਕਤ ਬਾਰੇ ਮੇਰੀ ਰਾਏ ਨਾਲ ਕੋਈ ਸੰਬੰਧ ਨਹੀਂ। ਨਿਜੀ ਤੌਰ 'ਤੇ ਉਨ੍ਹਾਂ ਵਿਚੋਂ ਬਹੁਤਿਆਂ ਦਾ ਮੈਂ ਸਤਿਕਾਰ ਕਰਦਾ ਹਾਂ। ਅਸਲ ਗਲ ਇਹ ਕਿ ਅਜਿਹੇ ਕਾਨੂੰਨ ਕਾਰਨ ਉਹ ਉਨ੍ਹਾਂ ਬਹੁਤ ਸਾਰੇ ਪੈਣ ਵਾਲੇ ਦਬਾਵਾਂ ਅੱਗੇ ਝੁਕਣ ਲਈ ਮਜਬੂਰ ਹੋ ਜਾਣਗੇ ਜਿਨ੍ਹਾਂ ਦੇ ਪੈਣ ਨਾਲ ਯੂਨੀਵਰਸਿਟੀਆਂ ਦਾ ਹੁਣ ਨਾਲੋਂ ਵੀ ਹਾਲ ਮੰਦਾ ਹੋ ਜਾਵੇਗਾ।

ਯੂਨੀਵਰਸਿਟੀਆਂ ਵਿਚ ਸੁਧਾਰ ਦਾ ਕੰਮ ਬੜਾ ਮੁਸ਼ਕਲ ਹੈ ਭਾਵੇਂ ਇਹ ਪ੍ਰੋ: ਹਬੀਬ ਵਰਗੇ ਲੋਕਾਂ ਉਤੇ ਵੀ ਛੱਡਿਆ ਜਾਵੇ। ਪਰ ਇਹ ਕੰਮ ਹੋਰ ਵੀ ਕਿੰਨਾ ਮੁਸ਼ਕਲ ਹੋ ਜਾਵੇਗਾ ਜੇਕਰ ਸਿਆਸਤਦਾਨ ਆਪਣੇ ਚਾਹਤੇ ਲੋਕਾਂ ਨੂੰ ਵਾਈਸ ਚਾਂਸਲਰ ਬਣਾਉਣ ਲੱਗ ਪੈਣ। ਕੋਈ ਈਮਾਨਦਾਰ ਅਕਾਦਮੀਸ਼ਨ ਕਿਸੇ ਪਾਰਟੀ ਦਾ, ਗਰੁਪ ਜਾਂ ਮਨਿਸਟਰ ਦਾ ਚਹਾਤਾ ਬਣ ਕੇ ਵਾਈਸ ਚਾਂਸਲਰ ਨਹੀਂ ਬਣਨਾ ਚਾਹੇਗਾ।

ਜੋ ਕਾਨੂੰਨ ਕੇਰਾਲਾ ਸਰਕਾਰ ਬਣਾਉਣਾ ਚਾਹੁੰਦੀ ਹੈ ਅਸਲ ਵਿਚ ਉਹ ਯੂਨੀਵਰਸਿਟੀਆਂ ਦੇ ਮਾਮਲੇ ਵਿਚ ਸੰਗੀਨ ਕਿਸਮ ਦੀ ਦਖਲ-ਅੰਦਾਜ਼ੀ ਹੈ। ਤੇ ਇਸ ਦਾ ਉਂਨਾ ਹੀ ਵਿਰੋਧ ਹੋਣਾ ਚਾਹੀਦਾ ਹੈ ਜਿੰਨਾ ਇਰਫ਼ਾਨ ਹਬੀਬ ਦੇ ਵਿਰੁਧ ਲਏ ਜਾਣ ਵਾਲੇ ਐਕਸ਼ਨ ਦਾ। ਜੇਕਰ ਅਸੀਂ ਅਜਿਹਾ ਨਹੀਂ ਕਰਾਂਗੇ ਤਾਂ ਉਹ ਦਿਨ ਦੂਰ ਨਹੀਂ ਜਦ ਬਾਕੀ ਯੂਨੀਵਰਸਿਟੀਆਂ ਵੀ ਅਲੀਗੜ੍ਹ ਯੂਨੀਵਰਸਿਟੀ ਵਰਗੀਆਂ ਬਣ ਜਾਣਗੀਆ। ਸਾਨੂੰ ਅਕਾਦਮਿਕ ਕੀਮਤਾਂ ਦੀ ਰੱਖਿਆ ਦੀ ਗੱਲ ਘਰ ਤੋਂ ਹੀ ਸ਼ੁਰੂ ਕਰਨੀ ਚਾਹੀਦੀ ਹੈ। ਜੇਕਰ ਕੇਰਾਲਾ ਵਰਗੀ ਅਗਾਂਹ-ਵਧੂ ਸਰਕਾਰ ਵੀ ਯੂਨੀਵਰਸਿਟੀਆਂ ਪ੍ਰਤੀ ਇਹ ਵਤੀਰਾ ਅਪਨਾ ਰਹੀ ਹੈ ਤਾਂ ਸਾਨੂੰ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਭਾਰਤ ਦੀਆਂ ਬਾਕੀ ਯੂਨੀਵਰਸਿਟੀਆਂ ਦਾ ਕੀ ਹਾਲ ਹੈ।

ਪ੍ਰੋ: ਹਬੀਬ ਬਹੁਤ ਇਮਾਨਦਾਰ ਤੇ ਹੌਸਲੇ ਵਾਲੇ ਇਨਸਾਨ ਹਨ। ਭਾਵੇਂ ਸਾਡੇ ਵਿਚੋਂ ਬਹੁਤਿਆਂ ਵਿਚ ਐਨਾ ਹੌਸਲਾ ਨਹੀਂ ਪਰ ਤਾਂ ਵੀ ਸਾਨੂੰ ਸਭ ਨੂੰ ਉਨ੍ਹਾਂ ਮੁਖ ਨੁਕਤਿਆਂ ਵਲੋਂ ਧਿਆਨ ਨਹੀਂ ਹਟਣ ਦੇਣਾ ਚਾਹੀਦਾ ਜਿਨ੍ਹਾਂ ਖਾਤਰ ਪ੍ਰੋ: ਹਬੀਬ ਲੜ ਰਹੇ ਹਨ। ਅਸਲ ਸਵਾਲ ਪ੍ਰੋ: ਹਬੀਬ ਦੀ ਨੌਕਰੀ ਦਾ ਨਹੀਂ, ਉਹ ਸੰਸਾਰ ਦੀ ਕਿਸੇ ਵੀ ਯੂਨੀਵਰਸਿਟੀ ਵਿਚ ਨੌਕਰੀ ਲੈ ਸਕਦੇ ਹਨ। ਅਸਲ ਸਵਾਲ ਭਾਰਤ ਦੀਆਂ ਸਾਰੀਆਂ ਯੂਨੀਵਰਸਿਟੀਆਂ ਨੂੰ ਉਨ੍ਹਾਂ ਤਰੁਟੀਆਂ ਤੋਂ ਮੁਕਤ ਕਰਨ ਦਾ ਹੈ ਜੋ ਅਲੀਗੜ੍ਹ ਯੂਨੀਵਰਸਿਟੀ ਵਿਚ ਮੌਜੂਦ ਹਨ।


## ਸਾਹਿਤ ਸਭਾਵਾਂ/ਲਿਖਾਰੀ ਕੇਂਦਰਾਂ ਲਈ ਖਾਸ ਰਿਆਇਤ

ਦਸ ਮੈਂਬਰ ਪੰਦਰਾਂ ਪੰਦਰਾਂ ਰੁਪੈ ਅਤੇ ਵੀਹ ਮੈਂਬਰ ਸਾਢੇ ਬਾਰਾਂ ਬਾਰਾਂ ਰੁਪੈ ਇਕਠੇ ਕਰ ਕੇ, ਸਾਨੂੰ ਰਕਮ ਯਕਮੁਸ਼ਤ ਭੇਜ ਕੇ ਸਾਲ ਭਰ ਸੇਧ ਪ੍ਰਾਪਤ ਕਰ ਸਕਦੇ ਹਨ। ਹਰ ਮਹੀਨੇ ਪਰਚੇ ਦੀਆਂ ਕਾਪੀਆਂ ਇਕ ਐਡਰੈਸ 'ਤੇ ਪੈਕਟ ਦੀ ਸ਼ਕਲ ਵਿਚ ਭੇਜੀਆਂ ਜਾਣਗੀਆਂ। —ਮਨੇਜਰ ਸੇਧ

Bhagwan Josh

COMMUNIST MOVEMENT IN PUNJAB (1926-47)

The only book of its kind on the subject...factual, analytical...at places showing brilliant insight into what-has-been and what-could-have-been the communist movement in the Punjab and, for that matter, in India. Hardbound, pages 220, price : Rs. 60

Order your copy to SEDH, A-42, Defence Colony, N. Delhi-24.

## ਰਿਆਇਤ ਦਾ ਐਲਾਨ

ਸੇਧ ਦਾ ਦੋ ਸਾਲ ਦਾ ਇਕੱਠਾ ਚੰਦਾ (40 ਰੁਪੈ) ਭੇਜਣ ਵਾਲੇ ਪਹਿਲੇ 50 ਪਾਠਕਾਂ ਨੂੰ ਕਿਸ਼ਨ ਸਿੰਘ ਦੀ ਪੁਸਤਕ ਗੁਰਬਾਣੀ ਦਾ ਸੱਚ (ਮੁੱਲ : 15 ਰੁਪੈ) ਜਾਂ ਸਿੱਖ ਇਨਕਲਾਬ ਦਾ ਮੋਢੀ—ਗੁਰੂ ਨਾਨਕ (ਮੁੱਲ : 15 ਰੁਪੈ) ਤੋਹਫ਼ੇ ਵਜੋਂ ਮੁਫ਼ਤ ਭੇਜੀ ਜਾਵੇਗੀ। ਡਾਕ ਖ਼ਰਚ ਸਾਡਾ ਹੋਵੇਗਾ। —ਅਦਾਰਾ ਸੇਧ

# ਭੋਇੰ ਭਾਰ ਥੀਏ !

ਅਜਮੇਰ ਸਿੰਘ ਔਲਖ

[ਔਲਖ ਪੰਜਾਬੀ ਦਾ ਨਵੀਂ ਪੀੜ੍ਹੀ ਦਾ ਮੋਹਰੀ ਨਾਟਕ-ਕਾਰ ਹੈ। ਉਹਦੀ ਪ੍ਰਤਿਭਾ ਨੂੰ ਕੇਵਲ ਦਰਸ਼ਕਾਂ-ਪਾਠਕਾਂ ਅਤੇ ਹੋਰ ਕਲਾ-ਰਸੀਆਂ ਨੇ ਹੀ ਨਹੀਂ, ਸਗੋਂ ਉਹਦੇ ਸਮਕਾਲੀ ਅਤੇ ਉਹਤੋਂ ਵਡੀ ਪੀੜ੍ਹੀ ਦੇ ਨਾਟਕ-ਕਾਰਾਂ ਨੇ ਵੀ ਪੂਰੀ ਤਰ੍ਹਾਂ ਪਰਵਾਨ ਕੀਤਾ ਹੈ।

ਪਰ ਉਹ ਇਕ ਵਧੀਆ ਕਹਾਣੀਕਾਰ ਵੀ ਹੈ। ਮੈਂ ਉਹਦੀਆਂ ਟਾਂਵੀਆਂ ਟਾਂਵੀਆਂ ਕਹਾਣੀਆਂ ਰਸਾਲਿਆਂ ਵਿਚ ਪੜ੍ਹਦਾ ਅਤੇ ਸਲਾਹੁੰਦਾ ਰਿਹਾ ਹਾਂ। ਉਹਦੀਆਂ ਕਹਾਣੀਆਂ ਪੜ੍ਹ ਕੇ ਮੈਨੂੰ ਲਗਦਾ ਹੁੰਦਾ ਹੈ ਕਿ ਔਲਖ ਪੰਜਾਬੀ ਕਹਾਣੀ ਵਲੋਂ ਪੰਜਾਬੀ ਨਾਟਕ ਨੂੰ ਦਿਤਾ ਗਿਆ ਭਰਾਤਰੀ ਕਰਜ਼ਾ ਹੈ।

ਪੰਜਾਬੀ ਵਿਚ ਨਕਸਲੀ ਲਹਿਰ ਦੇ ਪਰਭਾਵ ਅਧੀਨ ਬਹੁਤ ਸਾਰਾ ਸਾਹਿਤ ਰਚਿਆ ਗਿਆ— ਕਵਿਤਾ ਵੀ ਅਤੇ ਗਲਪ ਵੀ। ਬਹੁਤਾ ਕੁਝ, ਜਿਵੇਂ ਕਿ ਸੁਭਾਵਿਕ ਹੀ ਸੀ, ਨਾਅਰੇਬਾਜ਼ੀ ਹੋਣ ਕਾਰਨ ਭੁੱਲ-ਭੁਲਾ ਗਿਆ, ਪਰ ਕਾਫ਼ੀ ਰਚਨਾਵਾਂ ਸਾਰਥਕ ਵੀ ਹੋਈਆਂ, ਖ਼ਾਸ ਕਰ ਕੇ ਗਲਪ ਵਿਚ। ਇਹ ਕਹਾਣੀ ਵੀ ਇਸੇ ਪਰਭਾਵ ਅਧੀਨ ਲਿਖੀ ਗਈ ਹੈ। ਇਸ ਵਿਚ ਜਿਥੇ ਰਣਜੀਤ ਦਾ ਤੱਤੇ ਰਾਹ ਉਤੇ ਸਫ਼ਰ ਉਲੀਕਿਆ ਗਿਆ ਹੈ, ਉਥੇ ਜਬਰ ਦੀ ਮਸ਼ੀਨਰੀ ਦੀ ਕਾਰਗੁਜ਼ਾਰੀ, ਇਸ ਵਰਤਾਰੇ ਵਲ ਆਮ ਲੋਕਾਂ ਦੇ ਪ੍ਰਤੀਕਰਮ ਅਤੇ ਹੰਸ ਰਾਜ ਤੇ ਬਲਦੇਵ ਜਿਹੇ ਵਿਅਕਤੀਆਂ ਦੇ ਨਿਕਬੁਰਜੁਆ ਇਨਕਲਾਬਵਾਦ ਦੀ ਜਜ਼ਬਾਤੀ ਝੱਗ ਉਤੇ ਵੀ ਬੜੀ ਤਿਖੀ ਝਾਤ ਪੁਆਈ ਗਈ ਹੈ। — ਭੁੱਲਰ]

''ਪੀ. ਟੀ. ਤੇ ਦੇਵ ਫੜ 'ਲੇ !'' ਹੰਸ ਰਾਜ ਨੇ ਮੈਨੂੰ ਜਮਾਤ ਵਿਚੋਂ ਬੁਲਾ ਕੇ ਅਚਾਣਕ ਖਬਰ ਦਿਤੀ। ਉਹਦੇ ਚਿਹਰੇ ਦਾ ਰੰਗ ਉਡਿਆ ਹੋਇਆ ਸੀ।

''ਤੈਨੂੰ ਕੀਹਨੇ ਦੱਸਿਐ ?'' ਮੇਰੇ ਵੀ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ।

''ਤਲਵੰਡੀ ਤੋਂ ਘੁੱਦਾ ਆਇਐ। ਬਾਹਰ ਚਾਹ ਆਲੀ ਦੁਕਾਨ 'ਤੇ ਬੈਠੈ। ਹਰਮੇਲ ਨੇ ਈ ਫੜਾਏ ਐ ਭੈਂ ਦੇ ਯਾ ਨੇ।'' ਭੈ ਅਤੇ ਚਿੰਤਾ ਦੇ ਨਾਲ ਨਾਲ ਹੰਸ ਰਾਜ ਦੇ ਚਿਹਰੇ ਉਤੇ ਗੁੱਸੇ ਦੀਆਂ ਲਕੀਰਾਂ ਵੀ ਉਘੜ ਆਈਆਂ।

ਹੈਡ-ਮਾਸਟਰ ਨੂੰ ਕਹਿ ਕੇ ਅਸੀਂ ਬਾਹਰ ਚਾਹ ਦੀ ਦੁਕਾਨ ਉਤੇ ਆ ਬੈਠੇ। ਚਾਹ ਪੀਂਦਿਆਂ



ਪੀਂਦਿਆਂ ਘੁੱਦੇ ਨੇ ਸ਼ੁਰੂ ਤੋਂ ਅਖ਼ੀਰ ਤਕ ਸਾਰੀ ਕਹਾਣੀ ਸੁਣਾ ਦਿਤੀ।

''ਕਿਤੇ ਮਾਰ ਨਾ ਦੇਣ, ਮੇਰੇ ਸਾਲੇ !'' ਹੰਸ ਰਾਜ ਨੇ ਅਗਲੀ ਚਿੰਤਾ ਪਰਗਟਾਈ। ਉਸ ਦੀ ਚਿੰਤਾ ਸੁਭਾਵਿਕ ਸੀ। ਪੁਲਸ ਨੇ ਕਿੰਨੇ ਨਕਸਲਵਾੜੀਏ ਫੜ ਕੇ ਅਤੇ ਫੇਰ 'ਮੁਕਾਬਲਾ' ਬਣਾ ਕੇ ਮਾਰ ਦਿਤੇ ਸਨ। ਪਰ ਅਸੀਂ ਕਰ ਵੀ ਕੁਝ ਨਹੀਂ ਸੀ ਸਕਦੇ। ਸਾਡੀ ਕਿਸੇ ਵਜ਼ੀਰ ਜਾਂ ਵੱਡੇ ਅਫਸਰ ਤਕ ਪਹੁੰਚ ਨਹੀਂ ਸੀ। ਅਸੀਂ ਬਸ ਏਨਾ ਕਰ ਸਕੇ ਕਿ ਘੁੱਦੇ ਦੀ ਡਿਊਟੀ ਲਾ ਦਿਤੀ ਕਿ ਉਹ ਖ਼ਬਰ ਰਖੇ ਕਿ ਪੁਲਸ ਰਣਜੀਤ ਪੀ. ਟੀ. ਅਤੇ ਦੇਵ ਨੂੰ ਕਿਥੇ ਲੈ ਕੇ ਗਈ ਹੈ। ਇਸ ਦਾ ਵੀ ਭਾਵੇਂ ਕੋਈ ਫਾਇਦਾ ਨਹੀਂ ਸੀ ਪਰ ਪੀ. ਟੀ. ਨਾਲ 'ਦੋਸਤੀ' ਦੇ ਨਾਤੇ 'ਏਨਾ ਕੁ' ਕਰਨ ਨਾਲ ਸਾਡੇ ਆਪਣੇ ਮਨ ਨੂੰ 'ਤਸੱਲੀ' ਹੋ ਜਾਣੀ ਸੀ ਕਿ ਅਸੀਂ ਵੀ 'ਕੁਝ' ਕੀਤਾ ਹੈ। ਨਾਲੇ ਪੁਲਸ ਦੀਆਂ ਗਤੀ-ਵਿਧੀਆਂ ਤੋਂ ਕੁਝ ਨਾ ਕੁਝ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਉਹ ਗੋਲੀ ਮਾਰ ਕੇ ਮੁਕਾਬਲਾ ਬਣਾਵੇਗੀ ਜਾਂ ਮਾਰ ਕੇ ਕਿਸੇ ਨਹਿਰ ਵਿਚ ਤਾਰੇਗੀ ਤੇ ਜਾਂ ਫਿਰ ਕੋਈ ਕੇਸ ਪਾ ਕੇ ਅਦਾਲਤ ਵਿਚ ਪੇਸ਼ ਕਰੇਗੀ। (ਆਜ਼ਾਦ ਮੁਲਕ ਵਿਚ ਪੁਲਸ ਕੋਲ ਘਟੋ-ਘਟ ਏਨੀ ਕੁ ਆਪਸ਼ਨ ਤਾਂ ਹੋਣੀ ਹੀ ਚਾਹੀਦੀ ਹੈ !)

ਚਿੰਤਾ, ਉਦਾਸੀ ਤੇ ਕਿਸੇ ਅਦਿਖ ਭੈ ਵਿਚ ਗੁੱਸੇ ਮੈਂ ਤੇ ਹੰਸ ਰਾਜ ਮੁੜ ਆਪਣੀਆਂ ਕਲਾਸਾਂ ਵਿਚ ਆ ਗਏ। ਪੜ੍ਹਾਉਣ ਨੂੰ ਸਾਡੀ ਵੱਢੀ ਰੂਹ ਨਹੀਂ ਸੀ ਕਰਦੀ।

ਰਣਜੀਤ ਨਾਲ ਮੇਰੀ ਤੇ ਹੰਸ ਰਾਜ ਦੀ ਏਨੀ ਕੁ ਸਾਂਝ ਸੀ ਜਿੰਨੀ ਕੁ ਇਕ ਸੰਸਥਾ ਵਿਚ ਕੰਮ ਕਰਦੇ ਉਨ੍ਹਾਂ ਬੰਦਿਆਂ ਵਿਚਕਾਰ ਹੋ ਜਾਂਦੀ ਹੈ ਜੋ ਦੂਜਿਆਂ ਨਾਲੋਂ ਵੱਖ ਇਕੱਠੇ ਉਠਦੇ-ਬੈਠਦੇ ਰਹਿੰਦੇ ਹਨ। ਦੋ ਕੁ ਸਾਲ ਪਹਿਲਾਂ ਰਣਜੀਤ ਸਾਡੇ ਸਕੂਲ ਵਿਚ ਪੀ. ਟੀ. ਲੱਗ ਕੇ ਆਇਆ ਸੀ। ਸੁਭਾਅ ਦਾ ਉਹ ਬੜਾ ਹਸਮੁਖ, ਖੁਲ੍ਹਾ ਤੇ ਸਾਫ-ਦਿਲ ਸੀ। ਉਸ ਦੇ ਬੁੱਲ੍ਹਾਂ ਅਤੇ ਉਸ ਦੀਆਂ ਅੱਖਾਂ ਵਿਚੋਂ ਹਮੇਸ਼ਾ ਨਿੰਮ੍ਹੀ ਨਿੰਮ੍ਹੀ ਮੁਸਕ੍ਰਾਹਟ ਕਿਰਦੀ ਰਹਿੰਦੀ ਸੀ। ਪਰ ਜਿਹੜੀ ਗੱਲ ਨੇ ਸਾਡੇ ਉਤੇ ਹੀ ਨਹੀਂ, ਸਗੋਂ ਸਾਰੇ ਸਟਾਫ ਉਤੇ ਹੀ ਇਕ ਅਚੇਤ ਪ੍ਰਭਾਵ ਪਾ ਰਖਿਆ ਸੀ, ਉਹ ਸੀ ਉਸ ਦੀ ਸਮਾਜਿਕ ਚੇਤੰਨਤਾ ਅਤੇ ਇਸ ਦੇ ਨਾਲ ਹੀ ਕੁਝ ਕਹਿ ਕੇ ਕਰਨ ਦੀ ਦਲੇਰੀ। ਉਸ ਦੇ ਇਸ 'ਗੁਣ' ਸਦਕਾ ਜਿਥੇ ਉਹ ਮੱਲੋਜ਼ੋਰੀ ਸਾਡੇ ਸਤਿਕਾਰ ਦਾ ਪਾਤਰ ਬਣਿਆ ਬੈਠਾ ਸੀ, ਉਥੇ ਬਹੁਤ ਸਾਰੇ ਅੰਦਰੋ-ਅੰਦਰੀ ਉਸ ਨਾਲ ਖਾਰ ਵੀ ਖਾਂਦੇ ਸਨ। ਇਸ 'ਖਾਰ' ਦਾ ਸ਼ਾਇਦ ਇਕ ਕਾਰਨ ਇਹ ਵੀ ਸੀ ਕਿ ਅਜਿਹੇ ਬੰਦੇ ਦੇ ਨੇੜੇ ਰਹਿਆਂ ਹਮੇਸ਼ਾ ਇਕ 'ਖਤਰੇ' ਦਾ ਭੈ ਬਣਿਆ ਰਹਿੰਦਾ ਹੈ। ਇਸੇ ਕਰ ਕੇ ਮੈਨੂੰ ਤੇ ਹੰਸ ਰਾਜ ਨੂੰ ਇਕ ਅਜੀਬ ਤਸੱਲੀ ਇਹ ਵੀ ਸੀ ਕਿ ਅਸੀਂ ਇਕ ਅਜਿਹੇ ਬੰਦੇ ਦੇ ਮਿੱਤਰ ਹਾਂ ਜੋ ਪ੍ਰਿੰਸੀਪਲ ਤੇ ਪ੍ਰਬੰਧਕ ਕਮੇਟੀ ਦੀਆਂ ਨਜ਼ਰਾਂ ਵਿਚ ਰੜਕਦਾ ਰਹਿੰਦਾ ਸੀ। ਉਂਜ ਵੀ, ਭਾਵੇਂ ਰਣਜੀਤ ਜਿੰਨੇ ਨਹੀਂ, ਤਾਂ ਵੀ ਅਸੀਂ ਆਪਣੇ ਆਪ ਨੂੰ ਚੇਤੰਨ ਬੰਦੇ ਸਮਝਦੇ ਸਾਂ। ਭਾਵੇਂ ਇਹ ਵੀ ਸੱਚ ਹੈ ਕਿ ਜਦੋਂ ਪ੍ਰਬੰਧਕ ਕਮੇਟੀ ਨੇ 'ਮੁੰਡਿਆਂ-ਕੁੜੀਆਂ ਨੂੰ ਪੁੱਠੀ ਪੱਟੀ ਪੜ੍ਹਾਉਣ' ਸਦਕਾ ਰਣਜੀਤ ਉਤੇ ਇਕ ਝੂਠਾ ਕੇਸ ਥਪ ਕੇ ਕਢ ਦਿਤਾ ਸੀ ਤਾਂ ਮੈਂ ਤੇ ਹੰਸ ਰਾਜ ਨੇ ਆਨੀਂ-ਬਹਾਨੀਂ ਉਸ ਤੋਂ ਦੂਰ ਰਹਿਣ ਵਿਚ ਹੀ ਆਪਣਾ 'ਭਲਾ' ਸਮਝਿਆ ਸੀ। ਹਾਂ, ਏਨਾ ਜ਼ਰੂਰ ਸੀ ਕਿ ਅਸੀਂ, ਕਈ ਹੋਰਨਾਂ ਵਾਂਗ, ਅਨਪੜ੍ਹ ਕਮੇਟੀ ਮੈਂਬਰਾਂ ਅਗੇ ਰਣਜੀਤ ਦੀਆਂ ਚੁਗਲੀਆਂ ਕਰ ਕੇ 'ਚਮਚਾ' ਬਣਨ ਤੋਂ ਸੰਕੋਚ ਕੀਤਾ ਸੀ।

ਸਕੂਲੋਂ ਕੱਢੇ ਜਾਣ ਦੇ ਦੋ ਕੁ ਮਹੀਨਿਆਂ ਪਿਛੋਂ ਰਣਜੀਤ 'ਨਕਸਲੀਆ' ਬਣ ਗਿਆ ਸੀ। ਤੇ ਜਿੰਨੇ ਕੁ ਅਸੀਂ ਉਸ ਦੇ 'ਦੋਸਤ' ਸਾਂ, ਓਨਾ ਕੁ ਸਾਨੂੰ ਉਸ ਦਾ ਮੁੱਲ ਤਾਰਨਾ ਪਿਆ ਸੀ।

ਮੈਨੂੰ ਤੇ ਹੰਸ ਰਾਜ ਨੂੰ ਇਕ ਰਾਤ ਥਾਣੇ ਕਟਣੀ ਪਈ ਸੀ। ਪੜ੍ਹੇ-ਲਿਖੇ ਡੀ. ਐਸ. ਪੀ. ਨੂੰ ਅਮਨ-ਕਾਨੂੰਨ ਦੀ 'ਰਾਖੀ' ਲਈ ਸਾਨੂੰ ਗੰਦੀਆਂ ਗਾਲ੍ਹਾਂ ਦੇ ਦੇ ਕੇ ਆਪਣੀ ਜ਼ਬਾਨ ਗੰਦੀ ਕਰਨੀ ਪਈ ਸੀ। ਪ੍ਰਬੰਧਕ ਕਮੇਟੀ ਵਲੋਂ ਵੀ ਮੂੰਹ-ਜ਼ਬਾਨੀ 'ਗੀਤਾ-ਉਪਦੇਸ਼' ਮਿਲ ਗਿਆ ਸੀ ਕਿ ਜੇ ਸਕੂਲ ਵਿਚ ਨੌਕਰੀ ਕਰਨੀ ਹੈ ਤਾਂ 'ਬੰਦੇ' ਬਣ ਕੇ ਰਹੀਏ।

ਹੁਣ ਇਸ ਗੱਲ ਦਾ ਤੁਹਾਡੇ ਕੋਲੋਂ ਕੀ ਲੁਕੋ ਹੈ, ਪੁਲਿਸ ਦੀ ਦਹਿਸ਼ਤ ਅਤੇ ਨੌਕਰੀ ਖੁਸ ਜਾਣ ਦੇ ਡਰੋਂ ਮੈਂ ਅਤੇ ਹੰਸ ਰਾਜ ਅੰਦਰੋ-ਅੰਦਰ ਚਾਹੁਣ ਲਗ ਪਏ ਸਾਂ ਕਿ ਜਾਂ ਤਾਂ ਰਣਜੀਤ ਫੜਿਆ ਜਾਵੇ ਜਾਂ ਪੇਸ਼ ਹੋ ਜਾਵੇ। ਅੰਦਰੋ-ਅੰਦਰੀ ਇਸ ਲਈ ਕਿ ਮੂੰਹੋਂ ਗੱਲ ਕਹਿਣ ਨਾਲ ਸਾਡੀ ਆਪਣੀ 'ਅਗਾਂਹ ਵਧੂ' ਹੋਣ ਦੀ ਭੱਲ ਮਰਦੀ ਸੀ। ਜਿੰਨੀ ਕੁ ਸਾਂਝ ਸਾਡੇ ਤੇ ਰਣਜੀਤ ਵਿਚਕਾਰ ਅਜੇ ਕਾਇਮ ਸੀ, ਉਸ ਸਦਕਾ ਅਜਿਹੀ ਚਿੰਤਾ ਵੀ ਸਾਡੇ ਧੁਰ ਅੰਦਰ ਕਿਧਰੇ ਪਈ ਸੀ ਕਿ ਕਿਤੇ ਰਣਜੀਤ ਕਿਸੇ ਪੁਲਿਸ ਮੁਕਾਬਲੇ ਵਿਚ ਹੀ ਨਾ ਮਾਰਿਆ ਜਾਵੇ।

ਤੇ ਇਹੋ ਕਾਰਨ ਹੈ ਕਿ ਅੱਜ ਜਦੋਂ ਉਸ ਦੇ ਅਤੇ ਦੇਵ ਦੇ ਫੜੇ ਜਾਣ ਦੀ ਖ਼ਬਰ ਘੁੱਦੇ ਨੇ ਆ ਕੇ ਦੱਸੀ ਤਾਂ ਜਿਥੇ ਉਸ ਦੇ ਮਾਰੇ ਜਾਣ ਦਾ ਡਰ ਅਤੇ ਚਿੰਤਾ ਸੂਲ ਵਾਂਗ ਸਾਡੇ ਮਨਾਂ ਅੰਦਰ ਗੱਡੇ ਗਏ ਸਨ, ਉਥੇ ਇਕ ਅਜਿਹਾ ਸਕੂਨ ਅਤੇ ਤਸੱਲੀ ਵੀ ਸੀ ਜਿਹੋ ਜਿਹੀ ਉਸ ਬੰਦੇ ਨੂੰ ਹੁੰਦੀ ਹੈ ਜੋ ਸਾਗਰ ਦੀਆਂ ਛੱਲਾਂ ਤੋਂ ਡੁਬਦਾ ਡੁਬਦਾ ਬਚ ਕੇ ਕਿਨਾਰੇ ਦੇ ਨੇੜੇ ਪਹੁੰਚ ਗਿਆ ਹੋਵੇ।

ਆਥਣੇ ਮੈਨੂੰ ਬਿਨਾਂ-ਦੱਸੇ ਹੀ ਹੰਸ ਰਾਜ ਬੋਤਲ ਲੈ ਕੇ ਆ ਗਿਆ। ਉਸ ਦੇ ਚਿਹਰੇ ਦਾ ਤਨਾਅ ਅਜੇ ਜਿਉਂ ਦਾ ਤਿਉਂ ਕਾਇਮ ਸੀ।

''ਛਡਦੇ ਨ੍ਹੀਂ, ਮਾਰਨਗੇ ਭੈਂ ਦੇ ਖਸਮ।'' ਉਸ ਨੇ ਡਾਟ ਨੂੰ ਇਸ ਤਰ੍ਹਾਂ ਮਰੋੜਾ ਦਿਤਾ ਜਿਵੇਂ ਆਪਣੇ ਕਿਸੇ ਵੈਰੀ ਦੀ ਧੌਣ ਮਰੋੜ ਰਿਹਾ ਹੋਵੇ।

''ਅਪਨੇ 'ਲੱਕੇ 'ਚ ਅਜੇ ਤੱਕ ਮਾਰਿਆ ਤਾਂ ਕੋਈ ਨੀਂ।'' ਮੈਂ ਆਸਵੰਦ ਹੋਣ ਦੀ ਇੱਛਾ ਨਾਲ ਇਕ ਨਿਰ-ਆਧਾਰ ਦਲੀਲ ਦਾ ਪੱਲਾ ਫੜਿਆ।

''ਮਾਰਿਆ ਕਿਉਂ ਨੀਂ ? ਅਹੁ ਸਰਦੂਲਗੜ੍ਹ ਆਲਾ ਹਰਨੇਕ ਨੀਂ ਮਾਰਿਆ ਖੇਤ ਨੂੰ ਜਾਂਦਾ ?'' ਹੰਸ ਰਾਜ ਸੱਚਾ ਸੀ। ਇਕ ਨਕਸਲੀ ਹਮਦਰਦ ਸਰਦੂਲਗੜ੍ਹ ਦਾ ਸਰਪੰਚ ਹਰਨੇਕ ਅਜੇ ਮਹੀਨਾ ਕੁ ਪਹਿਲਾਂ ਪੁਲਸ ਨੇ ਖੇਤ ਨੂੰ ਰੋਟੀ ਲਿਜਾਂਦਾ ਮਾਰ ਦਿਤਾ ਸੀ। ਨਾਲ ਹੀ ਕਿਸੇ 'ਭਾਰਤ ਮਾਤਾ' ਨਾਂ ਦੀ ਜਥੇਬੰਦੀ ਦੇ ਇਸ਼ਤਿਹਾਰ ਸਿੱਟ ਦਿਤੇ ਸਨ, ਇਹ ਪ੍ਰਭਾਵ ਦੇਣ ਲਈ ਕਿ ਸਰਪੰਚ ਪੁਲਸ ਨੇ ਨਹੀਂ ਕਿਸੇ 'ਦੇਸ਼ ਭਗਤ' ਜਥੇਬੰਦੀ ਨੇ ਮਾਰਿਆ ਹੈ। ਪਰ ਫਿਰ ਵੀ, ਪਤਾ ਨਹੀਂ ਕਿਉਂ, ਮੈਂ ਇਕ ਅਜਿਹੀ ਹੋਰ ਦਲੀਲ ਦਿਤੀ ਜਿਸ ਸਦਕਾ ਰਣਜੀਤ ਤੇ ਦੇਵ ਦੇ ਨਾ ਮਾਰੇ ਜਾਣ ਦੀ ਆਸ ਦੀ ਕੰਨੀ ਫੜੀ ਜਾ ਸਕਦੀ ਸੀ। ਮੈਂ ਹੰਸ ਰਾਜ ਨੂੰ ਕਿਹਾ, ''ਓਦੋਂ ਐਸ. ਪੀ. ਹੋਰ ਸੀ। ਇਹ ਨਵਾਂ, ਕਹਿੰਦੇ ਐ, ਛੇਤੀ ਦਿਤਿਆਂ ਨੀਂ ਮਾਰਦਾ। ਇਹ ਅਕਾਲੀ ਐ, ਨਾਲੇ ਇਹਦੀ ਡੀ. ਆਈ. ਜੀ. ਨਾਲ ਨੀਂ ਬਣਦੀ।''

''ਇਹ ਸਾਰੇ ਆਵਦੀ ਭੈਂ ਦੇ ਦੁੱਗ ਐ।'' ਹੰਸ ਰਾਜ ਨੇ ਸਮੁੱਚੀ ਪੁਲਸ ਦੇ ਕਿਰਦਾਰ ਨੂੰ ਨੰਗਾ ਕਰਨ ਦੀ ਇੱਛਾ ਨਾਲ ਜਾਂ ਫਿਰ ਰਣਜੀਤ ਦੇ ਮਾਰੇ ਜਾਣ ਦੇ ਡਰ ਨਾਲ ਕਿਹਾ।

ਰਣਜੀਤ ਅਤੇ ਦੇਵ ਦੀ 'ਜਿੰਦ' ਦੇ ਨਾਂ 'ਤੇ ਅਸੀਂ ਗਲਾਸ ਟਕਰਾਏ ਤੇ ਫਿਰ ਗਟ-ਗਟ ਕਰ ਕੇ ਇਕੋ ਸਾਹ ਪੀ ਗਏ। ਸ਼ਰਾਬ ਪੀਂਦੇ ਰਹੇ, ਰਣਜੀਤ ਦੀਆਂ ਗੱਲਾਂ ਕਰਦੇ ਰਹੇ। ਹੰਸ ਰਾਜ ਕੁਝ ਵਧੇਰੇ ਹੀ ਭਾਵੁਕ ਹੋ ਗਿਆ। ਉਹ ਇਸ ਤਰ੍ਹਾਂ ਗੱਲਾਂ ਕਰਨ ਲੱਗਾ, ਜਿਵੇਂ ਹੁਣੇ ਰਣਜੀਤ ਦਾ



ਸਸਕਾਰ ਕਰ ਕੇ ਘਰ ਮੁੜਿਆ ਹੋਵੇ, ''ਇਕ ਦਿਨ ਪੀ. ਟੀ. ਹੈਥੇ, ਜਿਥੇ ਤੂੰ ਬੈਠੈਂ, ਪਿਆ ਸੀ, ਗਦੈਲੇ ਦੀ ਢੂ ਲਾਈਂ। ਮੈਨੂੰ ਕਹਿੰਦਾ, 'ਬਾਹਮਣਾ, ਕੁਸ਼ ਨੀ ਯਾਰ ਜ਼ਿੰਦਗੀ। ਖਾਈਂ ਜਾਣਾ, ਹੱਗੀ ਜਾਣਾ, ਇਹ ਵੀ ਕੋਈ ਜ਼ਿੰਦਗੀ ਐ। ਦਾਰੂ ਪੀ ਕੇ ਮਾਰਕਸਵਾਦ-ਲੈਨਿਨਵਾਦ ਦੇ ਗਪੌੜ ਛਡਣੇ, ਨਿਰਾ ਛਲ ਐ, ਇਕ ਧੋਖੈ, ਮੁਲਕ ਦੇ ਭੁਖੇ ਮਰਦੇ ਗਰੀਬਾਂ ਨਾਲ ਮਜ਼ਾਕ ਐ, ਉਨ੍ਹਾਂ ਨਾਲ ਗ਼ਦਾਰੀ ਐ। ਚਲ ਉਠ, ਨੰਗੇ ਪੈਰਾਂ ਦਾ ਸਫਰ ਕਰੀਏ।' ਮੈਂ ਵੀ ਭਾਵੁਕ ਹੋ ਗਿਆ ਸੀ, ਮੈਂ ਕਿਹਾ 'ਚੱਲ, ਚੱਲ ਉਠ ਇਨਕਲਾਬ ਲਿਆਈਏ।' ਮੇਰੀ ਗੱਲ ਸੁਣ ਕੇ ਪੀ. ਟੀ. ਬਹੁਤ ਹੱਸਿਆ, ਬਲਦੇਵ, ਉਸ ਦਿਨ।'' ਕਹਿ ਕੇ ਹੰਸ ਰਾਜ ਦਾ ਗੱਚ ਭਰ ਆਇਆ ਤੇ ਉਹ ਕਿੰਨਾ ਚਿਰ ਉਸ ਮੰਜੇ ਵਲ ਵੇਖਦਾ ਰਿਹਾ ਜਿਥੇ ਰਣਜੀਤ ਪੀ. ਟੀ. ਗੁਦੈਲੇ ਦੀ ਢੂ ਲਾਈਂ ਬੈਠਾ ਸੀ। ਰਾਤ ਦੇ ਬਾਰਾਂ ਵੱਜ ਗਏ, ਅਸੀਂ ਬਿਨਾਂ ਰੋਟੀ ਖਾਧੇ ਹੀ ਬਿਸਤਰਿਆਂ ਵਿਚ ਲਿਟੇ ਗੱਲਾਂ ਕਰਦੇ ਕਰਦੇ ਸੌਂ ਗਏ।

ਸਵੇਰੇ ਉਠਣ ਸਾਰ ਬਿਨਾਂ ਚਾਹ ਪੀਤਿਆਂ ਹੰਸ ਰਾਜ ਬੱਸ ਅੱਡੇ ਉਤੇ ਗਿਆ; ਜਿੰਨੇ ਅਖ਼ਬਾਰ ਮਿਲੇ, ਲੈ ਆਇਆ। ਸਾਰਿਆਂ ਦਾ ਸਾਰ ਇਕੋ ਸੀ : ''ਰਣਜੀਤ ਅਤੇ ਦੇਵ ਦੋ ਨਕਸਲੀਆਂ ਨੇ ਪੁਲਿਸ ਨਾਲ ਲਗਾਤਾਰ ਦੋ ਘੰਟੇ ਮੁਕਾਬਲਾ ਕਰਨ ਪਿਛੋਂ ਹਥਿਆਰ ਸੁੱਟ ਦਿਤੇ।''

ਕੁਝ ਵੀ ਹੋਵੇ ਮੇਰੀ ਅਤੇ ਹੰਸ ਰਾਜ ਦੀ ਜਾਨ ਵਿਚ ਜਾਨ ਆਈ। ਦੂਜੇ ਦਿਨ ਘੁੱਦਾ ਵੀ ਸਾਰੀ ਖਬਰ ਲੈ ਆਇਆ : ਰਣਜੀਤ ਤੇ ਦੇਵ ਮੰਡੀਓਂ ਇਕ ਕਾਲਜੀਏਟ ਦੀ ਬੈਠਕ ਵਿਚ ਰਜਾਈਆ ਵਿਚ ਬੈਠੇ ਸਵੇਰੇ ਦੀ ਚਾਹ ਪੀਂਦੇ ਹੀ ਪੁਲਸ ਨੇ ਦਬੋਚ ਲਏ ਸਨ। ਹਰਵੇਲ, ਜੋ ਪਿਛੋਂ ਬਿਨਾਂ ਸਿਫਾਰਸ਼ ਸਿੱਧਾ ਏ. ਐਸ. ਆਈ. ਸਿਲੈਕਟ ਹੋ ਗਿਆ ਸੀ, ਨੇ ਹੀ ਪੁਲਸ ਨਾਲ ਮਿਲ ਕੇ ਇਹ ਸਭ ਕੁਝ ਕਰਵਾਇਆ ਸੀ। ਮੁਕਾਬਲੇ ਦੀ ਖ਼ਬਰ ਪਹਿਲਾਂ ਹੀ ਬਣਾ ਕੇ ਪੱਤਰਕਾਰਾਂ ਨੂੰ ਦੇ ਦਿਤੀ ਗਈ ਸੀ, ਜਿਸ ਵਿਚ ਚਾਰ ਵਜੇ ਸ਼ਾਮ ਦਾ ਸਮਾਂ ਦਿਤਾ ਗਿਆ ਸੀ। ਪਤਰਕਾਰਾਂ ਨੇ, ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਪਤਾ ਸੀ ਕਿ ਨਕਸਲੀਏ ਰਜਾਈਆਂ ਵਿਚ ਬੈਠੇ ਹੀ ਫੜੇ ਗਏ ਹਨ, ਵੀ 'ਅਮਨ-ਕਾਨੂੰਨ' ਦੀ ਸਥਿਤੀ ਨੂੰ ਮੁਖ ਰਖਦਿਆਂ ਖ਼ਬਰ ਉਸੇ ਵੇਲੇ, ਸਾਢੇ ਚਾਰ ਵਜੇ ਤਾਰ ਰਾਹੀਂ ਆਪਣੇ ਆਪਣੇ ਅਖ਼ਬਾਰਾਂ ਨੂੰ ਭੇਜ ਦਿਤੀ ਸੀ। ਉਸ ਪਿਛੋਂ ਪੁਲਸ ਰਾਤ ਨੂੰ ਪੀ. ਟੀ. ਅਤੇ ਦੇਵ ਨੂੰ ਭਾਖੜਾ ਨਹਿਰ ਉਤੇ ਵੀ ਲੈ ਗਈ ਸੀ। ਅੱਖਾਂ ਬੰਨ੍ਹ ਕੇ ਉਨ੍ਹਾਂ ਉਤੋਂ ਦੀ ਹਵਾਈ ਫਾਇਰ ਕੀਤੇ ਸਨ। ਦੇਵ ਕੁਝ ਘਬਰਾ ਗਿਆ ਸੀ ਪਰ ਰਣਜੀਤ ਦੇ ਖੰਘੂਰਨ ਉਤੇ ਉਹ ਮੁੜ ਕਾਇਮ ਹੋ ਗਿਆ ਸੀ। ਨਾਲੇ ਪੰਦਰਾਂ-ਬੀਹ ਫੋਕੇ ਫਾਇਰਾਂ ਤੋਂ ਪਿਛੋਂ ਉਸ ਦੀ ਇਹ ਆਸ ਵੀ ਬੱਝ ਗਈ ਹੋਣੀ ਹੈ ਬਈ ਹੁਣ ਨੀਂ ਮਾਰਦੇ।

''ਹੁਣ ਨੀਂ ਮਾਰਦੇ, ਜਦ ਗੱਲ ਅਖਬਾਰਾਂ 'ਚ ਆਗੀ।'' ਸਾਡੇ ਵਿਸ਼ਵਾਸ ਨੂੰ ਠੁੰਮ੍ਹਣਾ ਮਿਲਿਆ। ਸਾਡਾ ਅੰਦਾਜ਼ਾ ਠੀਕ ਹੀ ਸੀ। ਰਣਜੀਤ ਅਤੇ ਦੇਵ ਉਤੇ ਕਤਲ ਦਾ ਵੀ ਕੋਈ ਕੇਸ ਨਾ ਪਾਇਆ ਗਿਆ (ਨੇੜੇ ਤੇੜੇ ਅਜੇ 'ਨਕਸਲੀਆਂ' ਨੇ ਇਸ ਇਲਾਕੇ ਵਿਚ ਕੋਈ ਕਤਲ ਨਹੀਂ ਸੀ ਕੀਤਾ, ਸ਼ਾਇਦ ਇਸ ਕਰ ਕੇ। ਇਕ ਪਿੰਡ ਵਿਚ ਇਕ ਪੁਲਸ-ਟਾਊਟ ਉਤੇ ਉਹਨਾਂ ਨੇ 'ਧਾਵਾ' ਬੋਲਿਆ ਤਾਂ ਸੀ ਪਰ ਨਕਸਲੀਏ ਸੋਲਾਂ-ਸੋਲਾਂ, ਸਤਾਰਾਂ-ਸਤਾਰਾਂ ਸਾਲ ਦੇ ਮੁੰਡੇ-ਖੁੰਡੇ ਹੀ ਸਨ, ਪੁਲਸ ਟਾਊਟ ਉਤੇ 'ਰਵਾਇਤੀ ਹਥਿਆਰ' ਖੱਪਰੇ ਦਾ ਇਕ ਵਾਰ ਕਰ ਕੇ ਹੀ ਪਾਣੀ ਪਾਣੀ ਹੋ ਗਏ ਅਤੇ ਟਾਊਟ ਦਾ 'ਸਫਾਇਆ' ਕਰੇ ਬਿਨਾਂ ਹੀ ਭੱਜ ਪਏ। ਲੋਕਾਂ ਸਮਝਿਆ ਕਿਤੇ ਸਹਿੰਸੀ ਚੋਰੀ ਕਰਨ ਆਏ ਹਨ, ਡਾਂਗਾਂ ਸੋਟੇ ਲੈ ਕੇ ਮਗਰ ਪੈ ਗਏ। ਦਿਨ ਦਾ ਛਿਪਾ ਸੀ, ਮਸਾਂ ਜਾਨ ਬਚਾਈ) ਇਹੋ ਕੇਸ ਰਣਜੀਤ ਅਤੇ ਦੇਵ ਸਿਰ ਮੜ੍ਹ ਦਿਤਾ ਗਿਆ। ਦੋ ਦੇਸੀ ਪਸਤੌਲ, ਜਿਹੜੇ ਉਹਨਾਂ ਕੋਲੋਂ ਤਲਾਸ਼ੀ ਵੇਲੇ ਮਿਲੇ ਸਨ, ਦੋ ਪਕੀਆਂ ਬੰਦੂਕਾਂ ਬਣਾ ਕੇ ਪਾ ਦਿਤੇ। ਚਾਲ੍ਹੀ ਖਾਲੀ ਕਾਰਤੂਸ (ਉਹਨਾਂ ਮੁਕਾਬਲਾ

ਜੋ ਕੀਤਾ ਸੀ) ਅਤੇ 70-80 ਭਰੇ ਕਾਰਤੂਸ ਵੀ ਉਹਨਾਂ ਕੋਲੋਂ ਪੁਲਸ ਨੂੰ ਮਿਲੇ ਸਨ। ਦੋ ਕੁ ਮਹੀਨੇ ਉਨ੍ਹਾਂ ਦੀ ਜ਼ਮਾਨਤ ਕਰਵਾਉਣ ਵਿਚ ਲੱਗੇ। ਤੇ ਏਨਾ ਕੁ ਸਮਾਂ ਇਨਸਾਫ ਦੇਣ ਵਾਲੀਆਂ ਅਦਾਲਤਾਂ ਵਿਚ ਆਮ ਲੱਗ ਹੀ ਜਾਂਦਾ ਹੈ।

ਸੁਹਣੇ ਦਿਲ ਵਾਲਾ, ਰੁਮਕਦੇ ਚਿਹਰੇ ਵਾਲਾ ਰਣਜੀਤ ਫਿਰ ਸਾਡੇ ਵਿਚਕਾਰ ਆ ਠਣਕਿਆ। ਪਰ ਹੁਣ ਸਾਡੇ ਅਤੇ ਉਸ ਵਿਚਕਾਰਲਾ ਫਾਸਲਾ ਕੋਹਾਂ ਵਿਚ ਵਟ ਚੁਕਿਆ ਸੀ। ਸਾਡੇ ਉਤੇ ਉਸ ਦੀਆਂ ਗੱਲਾਂ ਦਾ ਪਹਿਲਾਂ ਵਰਗਾ ਜਾਦੂ ਨਹੀਂ ਸੀ ਰਿਹਾ ਜਾਂ ਫਿਰ ਜਾਣ-ਬੁਝ ਕੇ, ਚੌਕੰਨੇ ਹੋ ਕੇ ਅਸੀਂ ਇਸ ਜਾਦੂ ਅਸਰ ਨੂੰ ਲਗਦੀ ਵਾਹ ਆਪਣੇ ਉਤੇ ਪੈਣ ਹੀ ਨਹੀਂ ਸੀ ਦਿੰਦੇ। ਭਾਵੇਂ ਇਹ ਵੀ ਠੀਕ ਹੈ ਕਿ ਪੁਲਸ ਨਾਲ ਮੁਕਾਬਲੇ ਦੀਆਂ ਅਖ਼ਬਾਰਾਂ ਵਿਚ ਖਬਰਾਂ ਛਪਣ ਸਦਕਾ ਉਹ ਪਹਿਲਾਂ ਵਾਲਾ 'ਪੀ. ਟੀ.' ਨਹੀਂ ਸੀ ਰਿਹਾ, ਸਗੋਂ ਸਾਡੇ ਲਈ ਉਹ ਇਕ 'ਹੀਰੋ' ਜਿਹਾ ਬਣ ਗਿਆ ਸੀ। ਇਹ ਗੱਲ ਵੀ ਸਾਡਾ ਮਨ ਹੀ ਮੰਨਦਾ ਸੀ, ਜ਼ਾਹਿਰਾ ਤੌਰ ਉਤੇ ਅਸੀਂ ਅਜੇ ਵੀ ਇਹੋ ਦਿਖਾਵਾ ਕਰਦੇ ਸਾਂ ਕਿ ਸਾਡੇ ਲਈ ਉਹ 'ਪੀ. ਟੀ.' ਤੋਂ ਵਧ ਕੁਝ ਨਹੀਂ ਸੀ। ਹੁਣ ਅਸੀਂ ਉਸ ਨੂੰ 'ਸਿਆਣਪ' ਵੀ ਦੇਣ ਲੱਗ ਪਏ ਸਾਂ, "ਛੱਡ ਯਾਰ, ਤੂੰ ਕੀ ਠੇਕਾ ਲਿਐ ਇਨਕਲਾਬ ਦਾ। ਅਵਦੇ ਘਰ ਵਲ ਵੇਖ। ਭਰਾ ਤੇਰਾ ਰੋਗੀ ਹੋਇਆ ਪਿਐ ਮੰਜੇ ਉਤੇ। ਮਾਂ ਨੂੰ ਅੱਖਾਂ ਤੋਂ ਨੀ ਦੀਂਹਦਾ। ਪਿਉ ਹੁੰਦਾ ਤਾਂ ਵੀ ਕੋਈ ਗੱਲ ਸੀ। ਚੰਗੀ ਜ਼ਮੀਨ ਐ, ਨਹੀਂ ਨੌਕਰੀ ਕਰਨੀ ਤਾ ਬਾਹੀ ਕਰ ਲੈ। ਤੂੰ ਇਨਕਲਾਬ ਤੋਂ ਵੜੇਵੇਂ ਲੈਣੇ ਐਂ ?" ਇਕ 'ਆਮ' ਜਿਹੀ ਦਲੀਲ, ਜੋ ਹਰ ਉਹ ਬੰਦਾ ਦਿੰਦਾ ਹੈ, ਜੋ ਕਿਸੇ ਬਾਗ਼ੀ ਜਾਂ ਇਨਕਲਾਬੀ ਨਾਲ ਕੋਈ ਸਾਂਝ ਵੀ ਰਖਦਾ ਹੋਵੇ ਅਤੇ ਨਾਲ ਹੀ ਇਸ ਸਾਂਝ ਸਦਕਾ ਆਪਣੇ ਆਪ ਨੂੰ 'ਖਤਰਾ' ਵੀ ਸਮਝਦਾ ਹੋਵੇ, ਅਸੀਂ 'ਹਮਦਰਦ' ਦੋਸਤਾਂ ਵਾਂਗ ਪੀ. ਟੀ. ਅੱਗੇ ਰਖ ਦਿੰਦੇ। ਸਾਡੀ ਅਜਿਹੀ ਦਲੀਲ ਸੁਣ ਕੇ ਉਹ ਇਸ ਤਰ੍ਹਾਂ ਮੁਸਕ੍ਰਾਉਂਦਾ ਕਿ ਇਹ ਮੁਸਕ੍ਰਾਹਟ ਮੁੜ ਸਾਡੇ ਅੰਦਰ ਹੀ ਨਮੋਸ਼ੀ ਜਿਹੀ ਭਰ ਦਿੰਦੀ। ਸਾਨੂੰ ਆਪਣੇ ਆਪ ਨੂੰ ਅਹਿਸਾਸ ਹੋਣ ਲੱਗ ਪੈਂਦਾ ਕਿ ਅਸੀਂ ਖ਼ਾਹ-ਮ-ਖ਼ਾਹ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰ ਰਹੇ ਹਾਂ।

ਖ਼ੈਰ ਕੁਝ ਵੀ ਹੋਵੇ, ਸਾਡੀਆਂ ਦਲੀਲਾਂ ਨਾਲ ਨਾ ਸਹੀ, ਕਿਸੇ ਹੋਰ ਕਾਰਨ-ਵੱਸ ਹੀ ਸਹੀ, ਰਣਜੀਤ ਵਿਚ ਇਕ ਤਬਦੀਲੀ ਸਪਸ਼ਟ ਤੌਰ ਉਤੇ ਵੇਖਣ ਵਿਚ ਆ ਗਈ ਸੀ। ਉਹ ਜਮਾਤੀ ਦੁਸ਼ਮਣਾਂ ਦੇ 'ਵਿਅਕਤੀਗਤ ਸਫਾਏ' ਦੇ ਖ਼ਿਲਾਫ਼ ਸੀ। 'ਗੁਪਤ' ਜਥੇਬੰਦੀਆਂ ਦੇ ਨਾਲ 'ਜ਼ਾਹਿਰਾ' ਜਥੇਬੰਦੀਆਂ ਦੀਆਂ ਗੱਲਾਂ ਕਰਦਾ ਸੀ। 'ਸਿਧਾਂਤ' ਤੇ 'ਅਮਲ' ਦੋਹਾਂ ਦੇ ਸੁਮੇਲ ਉਤੇ ਜ਼ੋਰ ਦਿੰਦਾ ਸੀ। ਮਾਰਕਸਵਾਦ ਨੂੰ 'ਸਥਾਨਕ ਹਾਲਤਾਂ' ਦੇ ਪ੍ਰਸੰਗ ਵਿਚ ਸਮਝਣ ਅਤੇ ਲਾਗੂ ਕਰਨ ਵਿਚ 'ਵਿਸ਼ਵਾਸ' ਰਖਦਾ ਸੀ...ਵਗ਼ੈਰਾ, ਵਗ਼ੈਰਾ। ਪਰ ਇਹ ਸਾਰੀਆਂ ਗੱਲਾਂ ਕਿਸੇ ਮੁਲਕ ਦੀ ਤਕਦੀਰ ਨਾਲ ਸੰਬੰਧ ਰਖਦੀਆਂ ਸਨ, ਸਾਡੇ ਨਾਲ ਨਹੀਂ। ਇਨ੍ਹਾਂ ਗੱਲਾਂ ਸਦਕਾ, ਇੰਜ ਤਾਂ ਮਹਿਸੂਸ ਹੁੰਦਾ ਸੀ, ਉਹ ਵਧੇਰੇ 'ਸਿਆਣਾ' ਬਣ ਗਿਆ ਸੀ ਪਰ ਸਰਕਾਰ ਲਈ, ਪੁਲਸ ਲਈ (ਤੇ ਸਾਡੇ ਲਈ ਵੀ) ਉਹ ਖਤਰਨਾਕ ਓਨੇ ਦਾ ਓਨਾ ਸੀ। ਅਸੀਂ ਤਾਂ ਸਾਰੇ ਚਾਹੁੰਦੇ ਸੀ ਕਿ ਉਹ 'ਆਰਾਮ' ਨਾਲ ਘਰੇ ਬੈਠੇ, ਆਪਣੇ ਘਰ ਬਾਰੇ ਸੋਚੇ।

ਪਰ ਸਾਡੀ 'ਸਿਆਣਪ' ਉਸ ਦੀ 'ਸਿਆਣਪ' ਨੂੰ ਰਾਸ ਨਾ ਆਈ। ਉਹ ਪਹਿਲਾਂ ਨਾਲੋਂ ਵੀ ਵਧ ਸਰਗਰਮ ਹੋ ਗਿਆ। ਉਸ ਦਾ ਅਮੋੜ ਰਵੱਈਆ ਵੇਖ ਕੇ ਮੈਂ ਤੇ ਹੰਸ ਰਾਜ ਉਸ ਤੋਂ ਪਾਸਾ ਵੱਟਣ ਲੱਗ ਪਏ। ਬਿਨਾਂ ਕਾਰਨ ਹੀ ਅਸੀਂ ਉਸ ਨਾਲ ਤਲਖ਼ ਹੋ ਬਹਿੰਦੇ, "ਕਿਹੜੀ ਨੀ ਆਜ਼ਾਦੀ



ਸਾਨੂੰ ? ਹਰ ਤਰ੍ਹਾਂ ਦਾ ਅਧਿਕਾਰ ਐ...ਕੋਈ ਕਿਸੇ ਦੇ ਖਿਲਾਫ ਬੋਲੀ ਜਾਓ—ਅਦਾਲਤਾਂ, ਠਾਣੇ, ਸਾਰਿਆਂ ਲਈ ਇਕੋ ਜੇ ਨੇ...ਚੀਨ ਵਰਗਾ ਰਾਜ ਹੋ ਗਿਆ ਖੁਰਲੀਆਂ 'ਚ ਰੋਟੀ ਪਾ ਕੇ 'ਕੱਠਿਆਂ ਨੂੰ ਖਵਾਇਆ ਕਰਨਗੇ।"

ਜਿਸ ਦਿਨ ਇਹ ਗੱਲ ਹੋਈ ਸੀ ਅਸਲ ਵਿਚ ਉਸ ਦਿਨ ਰਣਜੀਤ ਨੇ ਨਾ ਹੀ ਆਜ਼ਾਦੀ ਦੀ ਗੱਲ ਕੀਤੀ ਸੀ, ਨਾ ਚੀਨ ਦੀ। ਉਹ ਤਾਂ 'ਜਮਹੂਰੀ ਅਧਿਕਾਰਾਂ' ਬਾਰੇ ਕੋਈ ਜਥੇਬੰਦੀ ਬਣਾਉਣ ਸਬੰਧੀ ਸਾਡੇ ਨਾਲ ਗੱਲ ਕਰਨ ਆਇਆ ਸੀ। ਅਸੀਂ ਹੀ (ਸ਼ਾਇਦ ਜਾਣਬੁਝ ਕੇ) ਗੱਲ ਚੀਨ ਵਿਚ ਜਾ ਵਾੜੀ ਸੀ। ਰਣਜੀਤ ਕੀ ਕਰ ਸਕਦਾ ਸੀ ? ਉਹ ਮੁਸਕ੍ਰਾ ਹੀ ਸਕਦਾ ਸੀ ਅਤੇ ਅਜਿਹਾ ਉਹਨੇ ਕੀਤਾ ਵੀ। ਸ਼ਾਇਦ ਉਹ ਸਮਝ ਗਿਆ ਸੀ ਕਿ ਅਸੀਂ ਜਿਥੋਂ ਤੁਰੇ ਸਾਂ, ਉਸ ਤੋਂ ਵੀ ਕਈ ਗਜ਼ ਪਿਛੇ ਹਟ ਗਏ ਸਾਂ।

o o o

ਤੇ ਇਕ ਦਿਨ ਇਕ ਘਟਨਾ ਘਟ ਗਈ (ਅੱਜ ਮੈਂ ਸੋਚਦਾ ਹਾਂ ਜਿਵੇਂ ਇਸ ਘਟਨਾ ਦਾ ਕਿਸੇ ਮੁਲਕ ਦੀ ਤਕਦੀਰ ਨਾਲ ਏਨਾ ਸੰਬੰਧ ਨਹੀਂ ਸੀ, ਜਿੰਨਾ ਮੇਰੀ ਤੇ ਹੰਸ ਰਾਜ ਦੀ 'ਮੌਤ' ਨਾਲ ਹੈ)। ਰਣਜੀਤ ਦੇ ਪਿੰਡ ਦਾ ਬਲਵੰਤ ਨਾਂ ਦਾ ਇਕ ਮੁੰਡਾ, ਰਣਜੀਤ ਦੇ ਸਮਝਾਉਣ ਦੇ ਬਾਵਜੂਦ, ਨਕਸਲੀਆਂ ਦੇ ਗਰਮ ਧੜੇ ਵਿਚ ਰਲ ਗਿਆ। ਤਾਜ਼ੀ ਤਾਜ਼ੀ ਭੱਜ-ਨੱਠ ਦੇ 'ਚਾਅ' ਵਿਚ ਉਸ ਨੇ ਲਾਗਲੇ ਪਿੰਡ ਦੇ ਇਕ ਸੂਦਖੋਰ ਸੇਠ ਦਾ 'ਸਫਾਇਆ' ਵੀ ਕਰ ਦਿਤਾ। ਹੁਣ ਤੁਸੀਂ ਸਭ ਸਮਝਦਾਰ ਹੋ, ਵੱਡੇ ਵੱਡੇ ਸੇਠਾਂ, ਜ਼ਿਮੀਂਦਾਰਾਂ ਦੇ 'ਸਫਾਏ' ਨਾਲ ਮੁਲਕ ਵਿਚ ਅਮਨ ਅਤੇ ਕਾਨੂੰਨ ਦੀ ਹਾਲਤ ਇਕਦਮ ਵਿਗੜਨ ਦਾ ਖਤਰਾ ਖੜਾ ਹੋ ਜਾਂਦਾ ਹੈ, ਇਸ ਲਈ ਸਰਕਾਰ ਅਤੇ ਉਸ ਦੀ ਪੁਲਸ ਦਾ ਫ਼ਰਜ਼ ਹੈ ਕਿ ਉਹ ਤੁਰੰਤ ਹਰਕਤ ਵਿਚ ਆਵੇ। ਸੋ ਦੇਸ਼ ਭਗਤ ਪੁਲਸ ਨੇ ਆਪਣਾ ਫ਼ਰਜ਼ ਨਿਭਾਇਆ। ਸਾਰੇ ਪਿੰਡ ਨੂੰ ਘੇਰਾ ਪਾ ਲਿਆ; ਸਣੇ ਤੀਵੀਆਂ ਦੇ ਹਰ ਇਕ ਦਾ ਬਾਹਰ-ਅੰਦਰ ਜਾਣਾ ਬੰਦ ਕਰ ਦਿਤਾ। ਪਿੰਡ ਦੇ 'ਮੁਖੀ' ਅਤੇ ਸਿਆਣੇ ਇਕੱਠੇ ਕਰ ਕੇ ਸਾਰੇ ਪਿੰਡ ਦੀ ਧੀ-ਭੈਣ ਇਕ ਕਰ ਦਿਤੀ ਅਤੇ ਨਾਲ ਹੀ ਦੋਵੇਂ ਵੇਲੇ ਗੁਰਬਾਣੀ ਦਾ ਪਾਠ ਕਰਨ ਵਾਲੇ 'ਗੁਰਸਿੱਖ' ਐਸ. ਐਸ. ਪੀ. ਨੇ 'ਦਾੜ੍ਹੀਆਂ ਲਮਕਾਈ' ਫਿਰਦੇ 'ਧੌਲ ਦਾੜ੍ਹੀਆਂ' ਨੂੰ ਅਲਟੀਮੇਟਮ ਦੇ ਦਿਤਾ, "ਜੇ ਥੋਡੀ ਧੀ ਦਾ ਯਾਰ ਚਾਰ ਦਿਨਾਂ ਦੇ ਅੰਦਰ ਅੰਦਰ ਪੇਸ਼ ਨਾ ਹੋਇਆ ਤਾਂ ਮੈਂ ਦਾੜ੍ਹੀਆਂ ਪਟ ਪਟ ਪਿਛਲੇ ਪਾਸੇ ਦੇ ਦੂੰ।"

'ਧੌਲੀਆਂ ਦਾੜ੍ਹੀਆਂ' ਕੰਬਦੀਆਂ ਸੋਚ ਰਹੀਆਂ ਸਨ "ਕਿਥੇ ਸਹੁਰੇ ਛੋਕਰੇ ਨੇ ਪਿੰਡ ਲਈ ਸਾੜ੍ਹਸਤੀ ਖੜੀ ਕਰ ਦਿਤੀ।"

ਜਦੋਂ ਚਾਰ ਦਿਨਾਂ ਪਿਛੋਂ ਵੀ 'ਪਿੰਡ ਦੀਆਂ ਧੀਆਂ ਦਾ ਖਸਮ' ਉਹ ਛੋਕਰਾ ਬਲਵੰਤ ਪੇਸ਼ ਨਾ ਹੋਇਆ ਤਾਂ ਐਸ. ਐਸ. ਪੀ. ਨੇ ਧੌਲ ਦਾੜ੍ਹੀਆਂ ਦੀਆ ਦਾੜ੍ਹੀਆਂ ਤਾਂ ਉਹਨਾਂ ਦੇ 'ਪਿਛਲੇ ਪਾਸੇ' ਨਾ ਦਿਤੀਆਂ (ਸਾਡੀ ਪੁਲਸ ਦਰਿਆ-ਦਿਲ ਵੀ ਬੜੀ ਹੈ), ਪਰ 'ਅਣਸਰਦੇ' ਨੂੰ ਉਸ ਦਾ ਅੱਸੀ ਸਾਲਾ ਬਾਬਾ, ਉਸ ਦਾ ਸਿੱਧੜ ਜਿਹਾ ਬਾਪ, ਵਡਾ ਭਾਈ 'ਬਠਾ' ਲਏ। ਘਰ ਦੇ ਕਪੜੇ-ਲੀੜੇ, ਸੰਦ-ਸੰਦੇੜਾ ਸਭ ਮੈਂਗਲ ਲੰਬੜਦਾਰ ਦੀ ਟਰਾਲੀ ਵਿਚ ਲੱਦ ਲਏ। ਦੋਵੇਂ ਮੋਲੇ ਬਲਦ, ਤੋਕੜ ਮੱਝ ਤੇ ਕੁੜੀ ਨੂੰ ਦਿਤੀ ਕੱਟੀ ਵੀ ਸਿਪਾਹੀ ਠਾਣੇ ਲੈ ਆਏ। ਬਲਵੰਤ ਦੀ ਮਾਂ ਅਤੇ ਭੈਣ ਨੂੰ ਡੀ. ਐਸ. ਪੀ. ਤੇ ਠਾਣੇਦਾਰ ਨੇ ਸਿਰਫ ਗਾਲ੍ਹਾਂ ਦਿਤੀਆਂ, ਨੰਗੀਆਂ ਕਰ ਕੇ ਪਿੰਡ ਵਿਚ ਫੇਰਨ ਦਾ 'ਫੋਕਾ' ਡਰਾਵਾ ਦਿਤਾ, ਨਾਲ ਨਹੀਂ ਲੈ ਕੇ ਗਏ ਅਤੇ ਪਿੰਡ ਵਾਲਿਆਂ ਨੇ 'ਵਾਹਿਗੁਰੂ ਦਾ ਲੱਖ ਲੱਖ ਸ਼ੁਕਰ' ਕੀਤਾ।

ਕਿਸੇ ਦੀ ਗੱਲ, ਕਿਸੇ ਦੀ ਬਾਤ, ਰਣਜੀਤ ਫੇਰ ਵਿਚਕਾਰ ਆ ਖੜਕਿਆ । ਉਸ ਨੇ ਡੀ. ਐਸ. ਪੀ. ਨੂੰ ਬਥੇਰਾ ਕਿਹਾ, 'ਬਈ ਜੇ ਬਲਵੰਤ ਦੋਸ਼ੀ ਹੈ, ਤਾਂ ਉਸ ਨੂੰ ਪੁਲਸ ਆਪ ਫੜੇ; ਉਸ ਦੇ ਬਾਬੇ, ਪਿਉ ਅਤੇ ਭਰਾ ਦਾ ਇਸ ਵਿਚ ਕੀ ਕਸੂਰ ?' ਪਰ ਪੁਲਸ ਨੂੰ ਇਹ ਦਲੀਲ ਉਂਜ ਹੀ ਅਣੋਖੀ ਲਗਦੀ ਸੀ । ਪੁਲਸ ਨੂੰ ਇਸ ਨਾਲ ਕੀ ਕਿ ਕਿਸੇ ਦਾ ਕਸੂਰ ਹੈ ਜਾਂ ਨਹੀਂ, ਉਸ ਨੂੰ ਤਾਂ ਮੁਖ ਦੋਸ਼ੀ ਚਾਹੀਦਾ ਹੈ, ਉਸ ਨੂੰ ਫੜਨ ਲਈ ਕਿਸੇ ਨੂੰ ਕੁਝ ਵੀ ਕੀਤਾ ਜਾ ਸਕਦਾ ਹੈ । ਇਸ ਲਈ ਉਹਨਾਂ ਨੂੰ ਹਰ ਸੁਣੀ-ਅਣਸੁਣੀ ਕਰਨ ਦਾ ਜਮਾਂਦਰੂ ਅਧਿਕਾਰ ਹੈ ।

ਪਰ ਰਣਜੀਤ ਵੀ ਜਿਵੇਂ ਕਾਨੂੰਨ ਦੇ 'ਬਖੀਏ ਉਧੇੜਨ'. ਉਤੇ ਲੱਗਿਆ ਹੋਇਆ ਸੀ; ਜਦੋਂ ਐਸ. ਐਸ. ਪੀ. ਅਤੇ ਡੀ. ਐਸ. ਪੀ. ਕਿਸੇ ਰਾਹ ਉਤੇ ਆਉਂਦੇ ਨਾ ਦਿਸੇ, ਉਸ ਨੇ ਹਾਈ ਕੋਰਟ ਤੋਂ ਠਾਣੇ ਵਿਚ 'ਛਾਪਾ' ਮਰਵਾਉਣ ਦੀ ਸੋਚੀ । "ਗਜ਼ਬ ਸਾਈਂ ਦਾ ਲੋਕੋ, ਚਾਰ ਦਿਨ ਹੋ ਗੇ ਬੇਕਸੂਰਾਂ ਨੂੰ ਠਾਣੇ ਵਿਚ ਬਠਾਇਆ ਹੈ, ਨਾ ਕੋਈ ਰਪਟ, ਨਾ ਕੋਈ ਪਰਚਾ ।" ਪਿੰਡ ਵਿਚੋਂ ਤਾਂ, ਪੁਲਸ ਦੀ ਦਹਿਸ਼ਤ ਸਦਕਾ, ਉਸ ਨਾਲ ਕੋਈ ਨਾ ਤੁਰਿਆ, ਪਰ ਬਲਵੰਤ ਦਾ ਇਕ 'ਬਦਮਾਸ਼' ਜਿਹਾ ਮਾਮਾ ਵੱਟ ਖਾ ਗਿਆ ਅਤੇ ਉਹ ਉਸ ਨਾਲ ਚੰਡੀਗੜ੍ਹ ਨੂੰ ਤੁਰ ਪਿਆ ।

ਜਦੋਂ ਸਵੇਰੇ ਸਵੇਰੇ ਪਹਿਲੀ ਬੱਸ ਫੜਨ ਲਈ ਉਹ ਅੱਡੇ ਨੂੰ ਜਾ ਰਹੇ ਸੀ, ਤਾਂ ਮੈਂ ਚਾਹ ਦੀ ਦੁਕਾਨ ਤੋਂ ਦੁਧ ਲੈ ਰਿਹਾ ਸੀ । ਰਣਜੀਤ ਮੈਨੂੰ ਵੇਖ ਕੇ ਮੁਸਕ੍ਰਾਇਆ, "ਦੇਸ਼ ਆਜ਼ਾਦ ਹੈ, ਸਭ ਦੇ ਹੱਕ ਬਰਾਬਰ ਨੇ, ਥਾਣੇ, ਅਦਾਲਤਾਂ ਸਭ ਲਈ ਇਕ ਨੇ, ਇਨਸਾਫ ਚੰਡੀਗੜ੍ਹ ਤੋਂ 'ਲੈਣ' ਜਾ ਰਹੇ ਹਾਂ ।"

ਰਣਜੀਤ ਕਦੇ ਕਿਸੇ ਨੂੰ 'ਲਾ ਕੇ' ਗੱਲ ਨਹੀਂ ਸੀ ਕਰਦਾ । ਪਰ ਅੱਜ, ਪਤਾ ਨਹੀਂ ਕਿਉਂ, ਉਸ ਦੇ ਗੱਲ ਕਰਨ ਦੇ ਢੰਗ ਵਿਚ ਇਹ ਟਕੋਰ ਸਪਸ਼ਟ ਸੀ । ਮੈਂ ਹੀਂ-ਹੀਂ ਤੋਂ ਬਿਨਾਂ ਹੋਰ ਕੁਝ ਨਾ ਕਰ ਸਕਿਆ ।

ਤੇ ਦੂਜੇ ਦਿਨ ਹੰਸ ਰਾਜ ਨੇ ਮੈਨੂੰ ਖਬਰ ਦਿਤੀ, "ਪੀ. ਟੀ. ਨੂੰ ਰਾਤ ਪੁਲਸ ਚੱਕ ਕੇ ਲੈ ਗੀ ।"

"ਚੱਕ ਕੇ ?" ਮੈਂ ਉਤਸੁਕਤਾ ਅਤੇ ਹੈਰਾਨੀ ਨਾਲ ਪੁਛਿਆ ।

"ਹਾਂ । ਰਾਤ ਡੀਲਕਸ ਉਤੇ ਆਇਆ ਸੀ । ਬਲਵੰਤ ਦਾ ਮਾਮਾ ਤਾਂ ਸਿੱਧਾ ਬੱਸ ਉਤੇ ਚਲਿਆ ਗਿਆ, ਉਹ ਕਮਲਾ ਸੈਕਲ ਲੈ ਕੇ ਰਾਤ ਨੂੰ ਹੀ ਪਿੰਡ ਦੇ ਰਾਹ ਪੈ ਗਿਆ । ਪੁਲਸ ਜਵਾਹਰ ਕਿਆਂ ਦੇ ਪੁਲਾਂ ਉਤੇ ਤਾੜ ਲਾਈ ਬੈਠੀ ਸੀ, ਉਥੋਂ ਈ ਦਬੋਚ ਲਿਆ ।" ਹੰਸ ਰਾਜ ਨੇ ਇਸ ਤਰ੍ਹਾਂ ਵਿਸਤਾਰ ਨਾਲ ਦੱਸਿਆ ਜਿਵੇਂ ਉਸ ਨੇ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖਿਆ ਹੋਵੇ ।

"ਤੈਨੂੰ ਕੀਹਨੇ ਦੱਸਿਐ ?" ਮੈਨੂੰ ਜਿਵੇਂ ਅਜੇ ਵੀ ਸ਼ੱਕ ਸੀ।

"ਗਿੰਦੇ ਸਿਪਾਹੀ ਨੇ !" ਉਸ ਨੇ ਚੋਰਾਂ ਵਾਂਗ ਹੌਲੀ ਦੇਣੇ ਦਸਿਆ । ਮੈਂ ਚੁਪ ਕਰ ਗਿਆ । ਜੇ ਗਿੰਦੇ ਨੇ ਦਸਿਆ ਸੀ ਤਾਂ ਇਹ ਸੱਚ ਹੀ ਸੀ ।

ਇਸ ਵਾਰ ਰਣਜੀਤ ਦੇ 'ਚੱਕੇ' ਜਾਣ ਦੀ ਘਟਨਾ ਵਿਚ ਸਾਡੀ ਦਿਲਚਸਪੀ ਤਾਂ ਜ਼ਰੂਰ ਸੀ, ਪਰ ਸਾਡੇ ਅੰਦਰ ਨਾ ਕੋਈ ਡਰ ਸੀ, ਨਾ ਪੀ. ਟੀ. ਦੇ ਮਾਰੇ ਜਾਣ ਦੀ ਚਿੰਤਾ । ਮੈਂ ਤੇ ਹੰਸ ਰਾਜ ਨੇ ਸਮਝ ਲਿਆ ਸੀ ਕਿ ਜਿਹੋ ਜਿਹੀਆਂ ਹਾਲਤਾਂ ਅਧੀਨ ਉਹ ਚੁਕਿਆ ਗਿਆ ਹੈ, ਉਹਨਾਂ ਅਧੀਨ ਉਸ ਦਾ ਮਾਰਿਆ ਜਾਣਾ ਬੜਾ ਸੁਭਾਵਿਕ ਸੀ ।

ਪੂਰਾ ਮਹੀਨਾ ਪੁਲਸ ਨੇ ਰਣਜੀਤ ਦੀ ਕੋਈ 'ਸੂਹ' ਨਾ ਦਿਤੀ । ਜਦੋਂ ਰਣਜੀਤ ਦੇ ਰਿਸ਼ਤੇਦਾਰਾਂ



ਨੇ ਪੁਲਸ ਕੋਲੋਂ ਪੁਛਿਆ ਤਾਂ ਉਹ ਪਹਿਲੇ ਪੈਰ ਹੀ ਮੁਕਰ ਗਈ ਕਿ ਰਣਜੀਤ ਉਸ ਨੇ ਫੜਿਆ ਹੈ । ਹੋਰ ਮਹੀਨਾ-ਬੀਹ ਦਿਨਾਂ ਬਾਅਦ ਇਹ ਅਫਵਾਹ ਫੈਲਾ ਦਿਤੀ ਕਿ ਪੀ. ਟੀ. ਮਫਰੂਰ ਹੋ ਕੇ ਜਾਂ ਤਾਂ ਕਿਸੇ ਹੋਰ ਸੂਬੇ ਵਿਚ ਚਲਿਆ ਗਿਆ ਹੈ ਤੇ ਜਾਂ ਕਿਸੇ 'ਬਾਹਰਲੇ' ਮੁਲਕ ਵਿਚ ਭੱਜ ਗਿਆ ਹੈ । ਆਪਣੀ 'ਥਿਉਰੀ' ਦੀ ਪ੍ਰੋੜ੍ਹਤਾ ਵਿਚ ਤੇ ਰਣਜੀਤ ਨੂੰ 'ਜਿਉਂਦਾ' ਸਿੱਧ ਕਰਨ ਲਈ ਰਣਜੀਤ ਦੇ ਘਰ ਉਹਨੂੰ 'ਫੜਨ' ਲਈ ਵਡੇ ਤੜਕੇ ਤਿੰਨ-ਚਾਰ ਵਾਰ ਛਾਪੇ ਵੀ ਮਾਰੇ ।

ਪਰ ਬੰਦਾ ਤਾਂ ਅਖੀਰ ਬੰਦਾ ਹੁੰਦਾ ਹੈ । ਜੇ ਕੋਈ ਠਾਣਾ ਜਾਂ ਕਾਨੂੰਨ ਉਸ ਦੀ ਰਾਖੀ ਕਰਨ ਦੀ ਥਾਂ ਉਸ ਨੂੰ ਖਪਾਉਣ 'ਤੇ ਤੁਲਿਆ ਹੋਇਆ ਹੈ, ਤਾਂ ਇਹਦਾ ਮਤਲਬ ਇਹ ਤਾਂ ਨਹੀਂ ਕਿ ਹਕੀਕਤ ਦਾ ਪਤਾ ਹੀ ਨਾ ਲੱਗੇ । ਪੁਲਸ ਦੇ ਅੰਦਰ ਬੈਠੇ ਹਮਦਰਦ ਤੱਤਾਂ ਨੇ ਸਾਰਾ 'ਭੇਤ' ਨਸ਼ਰ ਕਰ ਦਿਤਾ, ਤੇ ਇਹ 'ਭੇਤ' ਘੁੱਦੇ ਨੇ ਸਾਡੇ ਕੋਲ ਇੰਜ ਬਿਆਨ ਕੀਤਾ, ' ਉਸ ਨੂੰ ਸਿੱਧਾ ਜ਼ਿਲ੍ਹੇ ਦੇ ਤਫਤੀਸ਼ਖਾਨੇ ਲੈ ਗਏ । ਦੋ ਦਿਨ ਬਰਫ ਉਤੇ ਪਾ ਪਾ ਕੇ ਕੁਟਦੇ ਰਹੇ । ਫੇਰ ਬਲੇਡ ਨਾਲ ਲੱਤਾਂ ਤੇ ਬਾਹਾਂ ਉਤੇ ਚੀਰੇ ਪਾ ਪਾ ਲੂਣ ਮਿਰਚਾਂ ਭੁੱਕੀਆਂ । ਰਾਤ ਨੂੰ ਭਾਖੜਾ 'ਤੇ ਲੈ ਗਏ । ਪਹਿਲਾਂ ਬਾਹਾਂ ਵੱਢੀਆਂ ਫੇਰ ਲੱਤਾਂ—ਤੇ ਫੇਰ ਭਾਖੜਾ 'ਚ ਤੇਰ 'ਤਾ ।" ਕਹਿੰਦਿਆਂ ਕਹਿੰਦਿਆਂ ਘੁੱਦੇ ਦਾ ਗੱਚ ਭਰ ਆਇਆ । ਮੈਂ ਤੇ ਹੰਸ ਰਾਜ ਸੁੰਨ ਜਿਹੇ ਹੋਏ ਖਾਲੀ ਖਾਲੀ ਅੱਖਾਂ ਨਾਲ ਇਕ ਦੂਜੇ ਨੂੰ ਵੇਖਦੇ ਰਹੇ ।

o o o

ਆਥਣੇ ਹੰਸ ਰਾਜ ਬੋਤਲ ਲੈ ਕੇ ਬੈਠਕ ਵਿਚ ਆ ਵੜਿਆ । ਦੋ ਕੁ ਪੈੱਗ ਉਹ ਪਹਿਲਾਂ ਹੀ ਪੀ ਆਇਆ ਸੀ । ਗਟ-ਗਟ ਕਰ ਕੇ ਉਸ ਨੇ ਮੈਨੂੰ ਗਲਾਸ ਭਰ ਦਿਤਾ । 'ਜ਼ਿੰਦਗੀ' ਵਿਚ ਮੈਂ ਪਹਿਲੀ ਵਾਰ ਬਿਨਾਂ-ਪਾਣੀ ਸ਼ਰਾਬ ਪੀਤੀ । ਕਿੰਨਾ ਚਿਰ ਇਕ ਮੌਤ ਵਰਗੀ ਚੁੱਪ ਸਾਡੇ ਵਿਚਕਾਰ ਤਣੀ ਖੜੀ ਰਹੀ । ਅਖੀਰ ਨਸ਼ਾ ਉਤੋਂ ਦੀ ਹੋਣ ਲਗਿਆ ਅਤੇ ਹੰਸ ਰਾਜ ਫਿਲਾਸਫਰਾਂ ਵਾਂਗ ਬੋਲਣ ਲਗਿਆ, "ਬਲਦੇਵ, ਪਤਾ ਹੈ ਕੌਣ ਮਰ ਗਿਆ ?" ਤੇ ਮੇਰਾ ਜਵਾਬ ਉਡੀਕੇ ਬਿਨਾਂ ਉਹ ਖੜਾ ਹੋ ਕੇ ਪਾਗਲਾਂ ਵਾਂਗ ਬਹਿਕਦਾ ਹੋਇਆ ਕਹਿਣ ਲਗਿਆ, "ਮਰਿਆ ਰਣਜੀਤ ਨਹੀਂ, ਮਰੇ ਆਪਾਂ ਹਾਂ । ਆਹ ਦੇਖ ! ਇਸ ਬੈਠਕ ਵਿਚ, ਦੋ ਲੋਥਾਂ, ਮੁਰਦੇ ਸਰੀਰ, ਦਾਰੂ ਪੀਂਦੇ, ਬਕਵਾਸ ਮਾਰਦੇ, ਧਰਤੀ ਮਾਂ ਦੀ ਹਿੱਕ ਉਤੇ ਗੰਦਗੀ ਦੇ ਢੇਰ ।" ਕਹਿ ਕੇ ਉਸ ਨੇ ਅਜਿਹੀ ਭੁੱਬ ਮਾਰੀ ਕਿ ਮੇਰਾ ਲੋਥ ਬਣਿਆ ਸਰੀਰ ਉਸੇ ਤਰ੍ਹਾਂ ਭੁੱਬ ਮਾਰ ਕੇ ਉਸ ਦੇ ਲੋਥ ਬਣੇ ਸਰੀਰ ਨਾਲ ਲਿਪਟ ਗਿਆ । ਦੋਵੇਂ ਲੋਥਾਂ ਦਾ ਭਾਰ ਧਰਤੀ ਝੱਲ ਰਹੀ ਸੀ, ਇਹ ਇਕ ਜਿਉਂਦੀ ਹਕੀਕਤ ਸੀ ।

---

ਸਿੱਖ ਇਨਕਲਾਬ ਦਾ ਮੋਢੀ—ਗੁਰੂ ਨਾਨਕ

ਕਿਸ਼ਨ ਸਿੰਘ

ਗੁਰੂ ਨਾਨਕ ਦੀ ਬਾਣੀ ਕਿਵੇਂ ਸਦਾ ਰਹਿਣ ਵਾਲਾ ਲੋਕ-ਹਿਤੀ ਸੱਚ ਪ੍ਰਗਟ ਕਰਦੀ ਹੈ ਅਤੇ ਕਿਵੇਂ ਬੰਦੇ ਦੀ ਮੁਕੰਮਲ ਢਾਹੀ ਅਤੇ ਮੁੜ-ਉਸਾਰੀ ਦੀ ਲੰਮੀ ਮਨੋਵੇਗਕ ਰੀਹਰਸਲ ਕਰਵਾਉਂਦੀ ਹੈ—ਇਹਨਾਂ ਅਤੇ ਅਜਿਹੇ ਅਨੇਕਾਂ ਹੋਰ ਪ੍ਰਸ਼ਨਾਂ ਨੂੰ ਸਮਝਣ ਲਈ ਇਹ ਪੁਸਤਕ ਅੱਜ ਹੀ ਮੰਗਵਾ ਕੇ, ਪੜ੍ਹੋ । ਸਫ਼ੇ 240, ਪਕੀ ਜਿਲਦ, ਮੁੱਲ : 15 ਰੁਪੈ

ਪ੍ਰਸੰਗ : ਦਲੀਪ ਕੌਰ ਟਿਵਾਣਾ ਦਾ ਨਾਵਲ
''ਪੀਲੇ ਪੱਤਿਆਂ ਦੀ ਦਾਸਤਾਨ''

## ਔਰਤ ਦੀ ਆਜ਼ਾਦੀ ਦਾ ਮਸਲਾ

ਕਿਸ਼ਨ ਸਿੰਘ

ਪੀਲੇ ਪੱਤਿਆਂ ਦੀ ਦਾਸਤਾਨ ਵਿਚ ਦਲੀਪ ਕੌਰ ਟਿਵਾਣਾ ਨੇ (ਸ਼ਾਇਦ !) ਆਪਣੇ ਵਲੋਂ ਔਰਤ ਦਾ ਗ਼ੁਲਾਮੀ ਤੋਂ ਆਜ਼ਾਦੀ ਤਕ ਦਾ ਸਫਰ ਪੇਸ਼ ਕੀਤਾ ਹੈ। ''ਪਰ ਰੀਟਾ ਤੇ ਲਵਲੀ ਹੋਰਾਂ ਦੀਆਂ ਗਲਾਂ ਦਾ ਉਸ ਨੂੰ ਬੜਾ ਧਰਵਾਸ ਸੀ, ਕਿ ਹਰ ਇਕ ਦੀ ਜ਼ਿੰਦਗੀ ਉਸ ਦੀ ਆਪਣੀ ਐ। ਉਹ ਇਸ ਦਾ ਜੋ ਮਰਜ਼ੀ ਕਰੇ...ਇਹ ਕੌਣ ਹੁੰਦੀ ਐ ਮੈਨੂੰ ਕੁਝ ਵੀ ਆਖਣ ਵਾਲੀ। ਥੋਹੜੇ ਜਿਹੇ ਪੈਸੇ ਭੇਜ ਕੇ ਰੋਅਬ ਪਾਉਂਦੀ ਐ ?...ਏਥੇ ਦਿੱਲੀ ਪੜ੍ਹਨ ਭੇਜ ਕੇ ਸਾਲ ਭਰ ਖਰਚਾ ਦੇ ਕੇ ਤੁਸੀਂ ਸਮਝਦੇ ਓ ਮੈਨੂੰ ਖਰੀਦ ਲਿਆ ?'' (ਸਫ਼ਾ 163)

ਮਾਸਟਰ ਮਦਨ ਲਾਲ ਆਪਣੀ ਧੀ ਊਸ਼ਾ ਨੂੰ ਆਪਣੇ ਪੁਤਾਂ ਵਾਂਗ ਹੀ ਪਾਲ ਰਿਹਾ ਸੀ। ਉਹਨਾਂ ਵਾਂਗ ਹੀ ਉਸ ਨੂੰ ਪੜ੍ਹਾ ਰਿਹਾ ਸੀ ਅਤੇ ਘਰ ਵਿਚ ਵੀ ਉਸ ਨੇ ਉਸ ਨੂੰ ਪੁਤਾਂ ਨਾਲੋਂ ਪਿਛੇ ਨਹੀਂ ਸੀ ਪਾਇਆ ਹੋਇਆ। ''ਉਂਜ ਵੀ ਮਾਸਟਰ ਮਦਨ ਲਾਲ ਆਖਦਾ ਸੀ ਕਿ ਮੁੰਡਿਆਂ ਤੇ ਕੁੜੀਆਂ 'ਚ ਭਲਾ ਕੀ ਫਰਕ ਹੁੰਦੈ।'' (ਸਫ਼ਾ 9) ਕਾਬਜ਼ ਨਿਜ਼ਾਮ ਦੇ ਅਨੁਸਾਰੀ ਵਗਦਿਆਂ ਸਭ ਮਾਪਿਆਂ ਵਾਂਗ ਮਾਸਟਰ ਮਦਨ ਲਾਲ ਦੀ ਵੀ ਆਪਣੀ ਔਲਾਦ ਬਾਬਤ ਇਹ ਹੀ ਖਾਹਸ਼ ਸੀ ਕਿ ਉਹ ਤਰੱਕੀ ਕਰੇ। ਆਰਥਕ ਸਮਾਜਕ ਤੌਰ 'ਤੇ ਉਸ ਨਾਲੋਂ ਉਚੇਰੀ ਪੱਧਰ 'ਤੇ ਜੀਵੇ। ''ਉਸ ਨੇ ਤਾਂ ਸੋਚਿਆ ਸੀ ਔਖੇ ਸੌਖੇ ਬੀ. ਏ. ਪਾਸ ਕਰਵਾ ਦਿਆਂਗੇ। ਸ਼ਕਲ ਸੂਰਤ ਊਂ ਚੰਗੀ ਐ। ਫੇਰ ਤਾਂ ਖਬਰੇ ਕਿਸੇ ਪ੍ਰੋਫੈਸਰ ਨਾਲ ਈ ਵਿਆਹ ਹੋ ਜਾਵੇ।'' ਹੁਣ ਤਾਂ ''ਊਸ਼ਾ ਦਾ ਵਿਆਹ ਕਰ ਕੇ ਮਾਸਟਰ ਮਦਨ ਲਾਲ ਜਿਵੇਂ ਆਪੇ ਵਿਚ ਨਹੀਂ ਸੀ ਮਿਉਂਦਾ। ਹੁਣ ਤਾਂ ਉਸ ਨੂੰ ਪੱਕਾ ਹੀ ਯਕੀਨ ਹੋ ਗਿਆ ਸੀ ਕਿ ਊਸ਼ਾ ਸੱਚੀਂ ਮੁਚੀਂ ਕਿਸਮਤ ਵਾਲੀ ਐ। (ਸਫਾ 9) ਮਾਸਟਰ ਮਦਨ ਲਾਲ ਨੂੰ ਆਪਣੀ ਧੀ ਕਿਸਮਤ ਵਾਲੀ ਲਗਦੀ ਵੀ ਕਿਉਂ ਨਾ ? ਸਮਾਜ ਵਿਚ ਪ੍ਰਚਲਤ ਪੈਮਾਨੇ ਦੇ ਅਨੁਸਾਰ ਉਹ ਕਿਸਮਤ ਵਾਲੀ ਸਾਬਤ ਹੋ ਰਹੀ, ਹੋ ਹੀ ਗਈ ਸੀ। ਊਸ਼ਾ ਨੇ ਅਜੇ ਦਸਵੀਂ ਦਾ ਇਮਤਿਹਾਨ ਹੀ ਦਿਤਾ ਸੀ, ਅਗਲਿਆਂ ਮੰਗ ਕੇ ਰਿਸ਼ਤਾ ਲਿਆ ਅਤੇ ਜ਼ੋਰ ਪਾ ਕੇ ਵਿਆਹ ਵੀ ਛਪਾ ਛਪ ਲੈ ਲਿਆ।



''ਤੇ ਇਕ ਜੋਤਸ਼ੀ ਨੇ ਮਾਸਟਰ ਮਦਨ ਲਾਲ ਨੂੰ ਇਹ ਵੀ ਦਸਿਆ ਸੀ ਕਿ ਇਹ ਬੱਚੀ ਤੇਰੀ ਦੇ ਹਥ ਵਿਚ ਤਾਂ ਰਾਜ ਯੋਗ ਐ। ਬਹੁਤ ਬੜੇ ਘਰ ਜਾਊ।'' ਅਤੇ ਜੋਤਸ਼ੀ ਦੀ ਗੱਲ ਸੱਚੀ ਨਿਕਲੀ ਸੀ। ਪੀ. ਸੀ. ਐਸ. ਅਫਸਰ ਕੋਈ ਛੋਟੀ ਮੋਟੀ ਗੱਲ ਨਹੀਂ ਹੁੰਦੀ। ਫੇਰ ਅਗਲਿਆਂ ਨੇ ਆਪ ਮੰਗ ਕੇ ਰਿਸ਼ਤਾ ਲਿਐ। ਮਾਸਟਰ ਮਦਨ ਲਾਲ ਨੇ ਤਾਂ ਸਗੋਂ ਇਕ ਅੱਧੀ ਵਾਰੀ ਸੋਚਿਆ ਵੀ ਕਿ ਊਸ਼ਾ ਬੀ. ਏ. ਕਰ ਲੈਂਦੀ ਤਾਂ ਚੰਗਾ ਸੀ, ਪਰ ਅਗਲਿਆਂ ''ਏਨੀ ਦੇਰ ਕਿਥੇ ਉਡੀਕਣਾ ਸੀ ਤੇ ਏਡਾ ਚੰਗਾ ਥਾਂ, ਮਾਸਟਰ ਮਦਨ ਲਾਲ ਦਾ ਕਹਿਣਾ ਸੀ, ਕਿਸੇ ਕਰਮਾਂ ਦੇ ਫਲ ਨਾਲ ਹੀ ਮਿਲਦੇ।'' ਪਲ ਦੋ ਪਲ ਲਈ ਤਾਂ ਮਾਸਟਰ ਮਦਨ ਲਾਲ ਨੂੰ ਸ਼ਕ ਹੋਇਆ ਸੀ ਕਿ ਜਿਹੜਾ ਆਪ ਰਿਸ਼ਤਾ ਮੰਗਦੇ ਨੇ, ਨਾਲੇ ਫੇਰ ਏਡੀ ਛੇਤੀ ਵਿਆਹ...ਵਿਚੋਂ ਕੋਈ ਗੱਲ ਨਾ ਹੋਵੇ। ਪਰ ਜਦੋਂ ਸ਼ਹਿਰ ਜਾ ਕੇ ਉਹ ਆਪ ਤਸੱਲੀ ਕਰ ਆਇਆ ਕਿ ਘਰ ਵੀ ਚੰਗੈ ਤੇ ਮੁੰਡਾ ਵੀ ਰੁਜ਼ਗਾਰ ਦੇ ਸਿਰ ਐ ਤੇ ਕੁੰਡਲੀਆਂ ਵੀ ਮਿਲਦੀਆਂ ਨੇ ਫੇਰ ਤਾਂ ਉਸ ਨੂੰ ਪੱਕਾ ਯਕੀਨ ਹੋ ਗਿਆ ਕਿ ਇਹ ਸਭ ਊਸ਼ਾ ਦੇ ਬੜੇ ਭਾਗਾਂ ਦੀ ਖੇਡ ਐ। ਹੋਰ ਗੱਲ ਕੋਈ ਨਹੀਂ। ਊਸ਼ਾ ਨੇ ਇਕ ਦਿਨ ਲਾਡ ਤੇ ਓਪਰੇ ਗ਼ੁਸੇ ਜਿਹੇ ਨਾਲ ਆਖਿਆ ਸੀ, ''ਪਾਪਾ ਤੁਸੀਂ ਤੇ ਮੈਨੂੰ ਬੀ. ਏ. ਕਰਵਾਉਣਾ ਸੀ ?'' ''ਕਰਵਾਉਣਾ ਤਾਂ ਸੀ ਪਰ ਤੇਰੀ ਕਿਸਮਤ ਬਹੁਤ ਤੇਜ਼ ਐ। ਹੁਣ ਤੈਂ ਬੀ. ਏ. ਕਰ ਕੇ ਕੀ ਲੈਣਾ ਐ। ਪੀ. ਸੀ. ਐਸ. ਅਫਸਰਾਂ ਵਿਚੋਂ ਹੀ ਡੀ. ਸੀ. ਬਣ ਜਾਂਦੇ ਨੇ। ਫੇਰ ਤਾਂ ਜ਼ਿਲ੍ਹੇ ਦੀ ਮਾਲਕਣ ਹੋਏਂਗੀ। ਸਾਡੀ ਭਾਈ ਅੜਦੇ ਥੁੜਦੇ ਸਫਾਰਸ਼ ਮੰਨ ਲਿਆ ਕਰੀਂ। ਹੋਰ ਨਾ ਨੌਕਰ ਚਾਕਰ ਕਿਧਰੇ ਬਾਹਰੋਂ ਈ ਮੋੜ ਦਿਆ ਕਰਨ,'' ਮਾਸਟਰ ਮਦਨ ਲਾਲ ਨੇ ਹਾਸੇ ਮਜ਼ਾਕ ਨਾਲ ਆਖਿਆ ਸੀ।

ਫਿਰ ਊਸ਼ਾ ਦਾ ਵਿਆਹ ਕਰਨ ਮਗਰੋਂ ਇਕ ਦੋ ਬੰਦਿਆਂ ਦੀ ਸਫਾਰਸ਼ ਕਰ ਕੇ ਜਦੋਂ ਉਹ ਕੰਮ ਵੀ ਕਰਵਾ ਆਇਆ ਸੀ ਤਾਂ ਉਹ ਜਿਵੇਂ ਆਪੇ ਵਿਚ ਨਹੀਂ ਸੀ ਮਿਉਂਦਾ। ''ਸਭ ਤੇਰੀ ਨੀਤ ਨੂੰ ਮੁਰਾਦਾਂ ਨੇ ਮਾਸਟਰ ਜੀ, ਕੁੜੀ ਸਾਰੀ ਉਮਰ ਰਾਜ ਕਰੂ।'' ਜਦੋਂ ਵਡੇਰੀ ਉਮਰ ਦੀ ਕੋਈ ਔਰਤ ਮਾਸਟਰ ਮਦਨ ਲਾਲ ਨੂੰ ਆਖਦੀ ਤਾਂ ਉਹਨੂੰ ਲਗਦਾ ਊਸ਼ਾ ਕਿਸੇ ਵੱਡੇ ਘਰ ਜਾਣ ਦੇ ਹੀ ਲਾਇਕ ਸੀ। ਜੋ ਸਾਹਮਣੇ ਦਿਸਦਾ ਸੀ ਉਸ ਤੋਂ ਤਾਂ ਮਾਸਟਰ ਮਦਨ ਲਾਲ ਦੀ ਸੱਚੀਂ ਮੁਚੀਂ ਕਿਸਮਤ ਜਾਗ ਪਈ ਈ ਲਗਦੀ ਸੀ। ਅਗਲੇ ਮੰਗ ਕੇ ਰਿਸ਼ਤਾ ਲੈਣ ਕਿਸੇ ਕਿਸਮਤ ਵਾਲੇ ਦੀ ਧੀ ਦਾ। ਧੀ ਦਾ ਰਿਸ਼ਤਾ ਕਰਨ ਜਾਉ ਅਗਲੇ ਮੂੰਹ ਐਂ ਕਰਦੇ ਨੇ ਤੇ ਚੂਆ ਐਂ। ਪੰਜਾਹ ਕੁਨ੍ਹਾ ਕੱਢਦੇ ਨੇ। ਦਾਜ ਨੂੰ ਈ ਮੂੰਹ ਟੱਡਿਆ ਹੁੰਦਾ ਏ। ਕੋਈ ਹਾਲ ਹੀ ਨਹੀਂ, ਜਿਵੇਂ ਧੀ ਵਾਲੇ ਦਾ ਘਰ ਈ ਲੁਟ ਏ ਆਪਣੇ ਘਰ ਪਾ ਲੈਣਾ ਹੁੰਦਾ ਏ। ਜੇ ਦਾਜ ਵਿਚ ਕਿਤੇ ਥੋਹੜ ਬਹੁਤ ਉੜੋਂ ਥੁੜੋਂ ਰਹਿ ਜਾਵੇ, ਅਗਲੇ ਹੋਰ ਕੁਝ ਨਾ ਵੀ ਕਰਨ, ਆਪਣੇ ਵਲੋਂ ਭਲੇ ਹੋ ਕੇ ਹੀ ਟੱਕਰਨ, ਗੱਲ ਨੂੰ ਵੱਡੀ ਨਾ ਹੀ ਕਰਨ, ਫੇਰ ਵੀ ਜੇ ਕੁੜੀ ਪੈਂਦੀ ਸੱਟੇ ਈ ਮੁੰਡੇ ਨੂੰ ਆਪਣੇ ਹੱਥੀਂ ਨਾ ਚੜ੍ਹਾ ਲਏ ਤੇ ਉਹ ਉਸ ਦੀਆਂ ਉਂਗਲਾਂ 'ਤੇ ਨਾ ਨਚਣ ਲਗ ਪਵੇ, ਅਗਲੇ ਘਤੂਸਾਂ ਨਾਲ ਈ ਕੁੜੀ ਦਾ ਪਿੱਛਾ ਸਾੜ ਛਡਦੇ ਨੇ। ਤੇ ਜੇ ਕੁੜੀ ਮਾਪਿਆਂ ਕੋਲ ਫੁਟ ਪਵੇ, ਤਾਂ ਸਭ ਕੁਝ ਦੇ ਲੈ ਕੇ ਵੀ ਮਾਪੇ ਪੁਰ ਪੁਰ ਦੁਖੀ ਦੇ ਦੁਖੀ। ਧੀਆਂ ਦੇ ਦੁਖ ਕਿਹੜੇ ਛੋਟੇ ਜਿਹੇ ਹੁੰਦੇ ਨੇ। ਨਾਸੂਰ ਹੋ ਕੇ ਵਗਦੇ ਨੇ। ਤੇ ਫੇਰ ਘਰ ਵੀ ਮੋਟਾ ਤੇ ਮੁੰਡਾ ਵੀ ਪੀ. ਸੀ. ਐਸ., ਤੇ ਰਿਸ਼ਤਾ ਲੈਣ ਮੰਗ ਕੇ, ਤੇ ਉਹ ਵੀ ਨਿਗੂਣੇ ਜਿਹੇ ਮਾਸਟਰ ਦੀ ਧੀ ਦਾ, ਬਗੈਰ ਦਾਜ ਟੰਮਣ ਦੀ ਗਲ ਤੋਂ...ਐਵੇਂ ਮੂੰਹ ਨਾਲ ਆਖ ਲੈਣ ਦੀ ਗਲ ਏ। ਭਾਗ ਹੀ ਉਘੜੇ ਜਾਣੋਂ। ਜਦੋਂ ਰੱਬ ਦੇਂਦਾ ਏ, ਛੱਤ ਪਾੜ ਕੇ ਦੇਂਦਾ ਏ। ਮਾਸਟਰ ਮਦਨ ਲਾਲ ਨੇ ਰਬੋਂ ਉਰੇ ਹੋਰ ਲੈਣਾ ਕੀ ਸੀ ? ਇਉਂ ਧੀਆਂ ਲਗਣ ਕਿਸੇ ਭਾਗਾਂ ਵਾਲੇ

ਦੀਆਂ । ਮਾਸਟਰ ਮਦਨ ਲਾਲ ਨੇ ਪਿਛਲੇ ਜਨਮ ਵਿਚ ਮੋਤੀ ਪੁੰਨ ਕੀਤੇ ਹੋਣੇ ਨੇ ।

ਜਦੋਂ ਅਗਲਿਆਂ ਊਸ਼ਾ ਘਰੋਂ ਧੱਕ ਤੀ, ਮਾਂ ਪਿਉ ਨੂੰ ਘੇਰਾਂ ਪੈਣੀਆਂ ਹੀ ਸਨ । ਮਾਂ ਵਲੋਂ ਹੋਣ ਲੱਗ ਪਈ ਮਾਸਟਰ ਮਦਨ ਲਾਲ ਦੀ ਆਏ ਦਿਨ ਆਲੋਚਨਾ । ਤੇ ਸ਼ੁਰੂ ਹੋ ਗਿਆ ਆਪਸ ਵਿਚ ਲੜਾਈ ਝਗੜਾ । ''ਮੈਂ ਤਾਂ ਪਹਿਲਾਂ ਈ ਆਖਦੀ ਹੁੰਦੀ ਸੀ, ਧੀਆਂ ਨੂੰ ਏਡਾ ਲਾਡ ਕੀ ਆਖ । ਬਹੁਤੀਆਂ ਲਾਡਲੀਆਂ ਈ ਅਗੇ ਜਾ ਕੇ ਦੁਖ ਪਾਉਂਦੀਆਂ ਨੇ । ਧੀ ਪੁੱਤ ਨੂੰ ਤਾਂ ਸ਼ੁਰੂ ਤੋਂ ਈ ਚੰਡ ਕੇ ਰਖਣਾ ਚਾਹੀਦੈ,'' ਮਾਂ ਬੋਲਣੋਂ ਨਹੀਂ ਸੀ ਹਟਦੀ । ''ਤੂੰ ਕਿਹੜਾ ਗਿਰਾਂ ਗਈ ਹੋਈ ਸੀ, ਚੰਡ ਕੇ ਰੱਖ ਲੈਂਦੀ,'' ਮਾਸਟਰ ਮਦਨ ਲਾਲ ਖਿਝ ਕੇ ਬੋਲਿਆ ।...''ਕੁੜੀ ਵਿਆਹੀ ਤਾਂ ਔਤ ਜਾਣਿਆਂ, ਫਿੱਟਿਆਂ ਹੋਇਆਂ ਨੇ ਕਿਹੜੀ ਨੌਬਤ ਨੂੰ ਪੁਚਾ ਤੇ । ਬੱਸ ਮੁੰਡਾ ਈ ਮੁੰਡਾ ਵੇਖ ਲਿਆ, ਨਾ ਟੇਵਾ ਮਿਲਵਾਇਆ, ਨਾ ਮਹੂਰਤ ਕਢਵਾਇਆ, ਨਾ ਅੱਗੇ ਨਾ ਪਿਛੇ ਦਾ ਕੋਈ ਪਤਾ ਕੀਤਾ । ਕਿਸੇ ਖ਼ਾਨਦਾਨ ਦਾ ਹੁੰਦਾ ਤਾਂ ਕੁੜੀ ਦੀ ਇਜ਼ਤ ਨੂੰ ਆਪਣੀ ਇਜ਼ਤ ਸਮਝਦਾ ਤੇ ਘਰ ਦੀ ਇਜ਼ਤ ਸਮਝ ਕੇ ਉਸ ਦਾ ਖਿਆਲ ਰਖਦਾ ।'' ''ਬਹੁਤਾ ਭੌਂਕੀ ਨਾ ਜਾ । ਓਸ ਵੇਲੇ ਏਦੂੰ ਚੰਗਾ ਲੱਭ ਲੈਂਦੀ ਜਾਂ ਭਾਈਆ ਨੂੰ ਆਖਦੀ ਲੱਭ ਦਿੰਦੇ ।'' (ਸਫਾ 166) ''ਗੱਲ ਉਹਦੇ ਨਾਲ ਕੀ ਕਰੋਗੇ ? ਉਹ ਠਹਿਰਿਆ ਅਫਸਰ । ਆਖੂ ਬਠਾਈ ਰਖੋ ਆਪਣੇ ਘਰ । ਉਸ ਨੂੰ ਸਾਕਾਂ ਦਾ ਕੀ ਘਾਟਾ ਐ । ਤਾਹੀਏਂ ਤਾਂ ਸਿਆਣੇ ਆਖਦੇ ਹੁੰਦੇ ਨੇ ਅਖੇ ਧੀ ਹਮੇਸ਼ਾਂ ਆਪ ਤੋਂ ਛੋਟੇ ਦੇ ਦੇਈਏ ।'' (165)

ਹੋਈ ਆਲੋਚਨਾ ਦਾ ਮੂਲ ਕੀ ਏ ? ਧੀ ਆਪਣੇ ਤੋਂ ਮਾੜੇ ਘਰ ਦਿਤੀ ਹੁੰਦੀ ਅਗਲੇ ਭੈ ਖਾਂਦੇ । ਅਭੀ ਨਭੀ ਨੂੰ ਤਾਕਤ ਦਾ ਤਵਾਜ਼ਨ ਸਾਡੇ ਹੱਥ ਹੁੰਦਾ । ਕੋਈ ਖਾਨਦਾਨੀ ਚੰਗੀ ਹੁੰਦੀ, ਹੱਡ ਖਰਾ ਹੁੰਦਾ, ਸਾਡੀ ਭਲਮਾਣਸੀ ਦਾ ਮੁੱਲ ਪਾਉਂਦੇ । ਅਸਾਂ ਉਹਨਾਂ ਨੂੰ ਨਹੀਂ ਸੀ ਮੋੜਿਆ, ਜਿਵੇਂ ਉਹਨਾਂ ਆਖਿਆ ਅਸਾਂ ਕੀਤਾ । ਉਹ ਧੀ ਦੀ ਕਦਰ ਕਰਦੇ । ਕੀਤੀ ਆਲੋਚਨਾ ਵਿਚ ਗਲ ਤਾਂ ਏਨੀ ਹੀ ਹੈ ਕਿ ਕੁੜੀ ਦਾ ਸਾਕ ਕਰਨ ਲੱਗਿਆਂ ਤਾਕਤ ਦੇ ਤਵਾਜ਼ਨ ਦਾ ਖਿਆਲ ਨਾ ਰਖਿਆ । ਖਿਆਲ ਰਖਿਆ ਵੀ ਕਿਵੇਂ ਜਾਂਦਾ ? ਮੋਟਾ ਘਰ ਦੇਖ ਕੇ, ਮੁੰਡੇ ਦੀ ਅਫਸਰੀ ਦੇਖ ਕੇ ਧੀ ਦੀ ਤਾਂ ਕਿਸਮਤ ਤੇਜ ਲਗਣ ਲਗ ਪਈ ਸੀ ! ਅਗਲੇ ਕਿਵੇਂ ਵਰਤਣਗੇ ਇਹ ਕਿਹੜਾ ਕੋਈ ਅਗਲਿਆਂ ਦੇ ਅੰਦਰ ਪੈ ਕੇ ਵੇਖ ਸਕਦਾ ਹੈ ? ਇਹ ਤਾਂ ਨਿਰੀ ਆਪਣੇ ਦਿਲ ਦੀ ਔਖਿਆਈ ਦਾ ਇਜ਼ਹਾਰ ਹੈ । ਗਲ ਵਿਗੜੀ ਤੋਂ ਗ਼ੁਸਾ ਤਾਂ ਭਾਵੇਂ ਕਿਸ ਤਰ੍ਹਾਂ ਨਿਕਲੇ, ਸਭਸ ਦੀਆਂ ਕਦਰਾਂ-ਕੀਮਤਾਂ ਦਾ ਪੈਮਾਨਾ ਤਾਂ ਇਕ ਹੀ ਹੈ ਅਤੇ ਉਹ ਹੀ ਜੋ ਕਾਬਜ਼ ਨਿਜ਼ਾਮ ਦਾ ਦਿਤਾ ਹੋਇਆ ਏ । ਮਾਇਆ ਵਾਲਾ । ਸੋਲਾਂ ਆਨੇ ਇਕਾਨੋਮਿਜ਼ਮ । ਘਰ ਤੁਰਦਾ ਏ । ਉੱਬਲ ਉੱਛਲ ਐ । ਕਿਸੇ ਚੀਜ਼ ਦਾ ਘਾਟਾ ਨਹੀਂ । ਕੁੜੀ ਖੰਨੀ ਖਾਊ ਖੰਨੀ ਟੰਗੂ । ਇਕ ਲਾਹੂ, ਇਕ ਪਾਊ । ਮੁੰਡਾ ਅਫਸਰ ਐ । ਨੌਕਰ ਚਾਕਰ ਅੱਗੇ ਪਿਛੇ । ਅਗਲਿਆਂ ਸੌ ਕੰਮ ਕਰਵਾਉਣੇ ਹੁੰਦੇ ਨੇ । ਨਿੱਕੇ ਵੱਡੇ ਸਭ ਅਫਸਰਾਂ ਦੇ ਘਰ ਢੁਕਦੇ ਨੇ । ਅਫਸਰਾਂ ਦੀਆਂ ਦਿਲ ਦੀਆਂ ਬੁਝਦੇ ਨੇ । ਸੌ ਦਾਰੀਆਂ ਕਰਦੇ ਨੇ ਬਈ ਕੰਮ ਹੋ ਜੇ । ''ਕੁੜੀ ਸਾਰੀ ਉਮਰ ਰਾਜ ਕਰੂ ।'' ਸਭ ਹੁਕਮ ਹਾਸਲ ਦੀ ਲਾਲਸਾ ਹੈ । ਪਦਾਰਥਾਂ ਦੀ ਗਿਣਤੀ ਮਿਣਤੀ ਦਾ ਸੌਦਾ । ਏਥੇ ਸੁਖ ਦਾ ਸੰਕਲਪ, ਉਸ ਦੀ ਵਸਤੂ ਹੀ ਪੈਸੇ, ਪਦਾਰਥਾਂ ਦੀ ਉਬਲ ਉਛਲ, ਉਨ੍ਹਾਂ ਦੀ ਮਲਕੀਅਤ, ਉਨ੍ਹਾਂ ਦੀ ਖਾਈ ਹੰਢਾਈ ਹੈ । ਏਸ ਸੁਖ ਦੇ ਸੰਕਲਪ ਵਿਚ ਮਨੁਖੀ ਰਿਸ਼ਤਿਆਂ ਦੀ ਕਿਸਮ ਦੀ ਪੁੱਛ ਗਿੱਛ ਤਾਂ ਕਿਤੇ ਰਿੜਕਦੀ ਹੀ ਨਹੀਂ । ਵਿਆਹ ਦਾ ਮਨੁਖੀ ਅਸਲਾ ਕੀਹਦੇ ਚਿੱਤ ਚੇਤੇ ਐ । ਰੋਟੀ ਪਾਣੀ ਤੇ ਉਤੇ ਤੇੜ ਨੂੰ ਤਾਂ ਚਾਹੀਦਾ ਈ ਐ । ਖਾਣ ਪੀਣ, ਉੜੇ ਭੇੜ ਦੀਆਂ ਲੋੜਾਂ ਈ ਪੂਰੀਆਂ ਨਾ ਹੋਣ, ਉਹ ਈ ਵੱਢ ਵੱਢ ਖਾਂਦੀਆਂ ਰਹਿਣ ਬੰਦਾ ਦੁਖੀ



ਤਾਂ ਹੁੰਦਾ ਈ ਐ । ਮਨੁਖੀ ਲੋੜਾਂ ਪੂਰੀਆਂ ਹੋਣ ਵਿਆਹ ਦਾ ਅਸਲਾ ਤਾਂ ਮੁੰਡੇ ਕੁੜੀ ਦਾ ਆਪਸ ਵਿਚ ਰਿਸ਼ਤਾ, ਆਪਸ ਵਿਚ ਰਸ ਰਸਾਈ ਐ । ਚੰਗੇ ਮਾੜੇ ਵਿਆਹ ਦੀ ਤਾਂ ਪਰਖ ਹੀ ਇਹ ਹੈ ਕਿ ਮੀਆਂ ਬੀਵੀ ਦਾ ਆਪਸ ਵਿਚ ਰਿਸ਼ਤਾ ਕਿਸ ਕਿਸਮ ਦਾ ਬਣਦਾ ਐ : ਮਨੁਖੀ ਜਾਂ ਮਾਇਆ ਵਾਲਾ । ਇਸ ਕਿਆਸ ਦਾ ਤਾਂ ਏਥੇ ਨਾਂ ਥੇਹ ਹੀ ਨਹੀਂ । ਹੋ ਸਕਦਾ ਹੀ ਨਹੀਂ । ਏਥੇ ਤਾਂ ਇਹ ਈ ਵੱਡੀ ਗਲ ਐ ਅਗਲਿਆਂ ਦਾਜ ਨਹੀਂ ਗਿਣਵਾਇਆ । ਸੂਲੀ 'ਤੇ ਟੰਗੇ ਜਾਣੋਂ ਬਚ ਗਏ । ਕੁੜੀ ਦੀ ਪੜ੍ਹਾਈ ਦਾ ਤਾਂ ਏਥੇ ਮਤਲਬ ਹੀ ਇਹ ਹੈ ਪੜ੍ਹ ਪੜ੍ਹਾ ਕੇ ਕਿਸੇ ਚੰਗੇ ਥਾਂ ਲਗ ਜੇ ।

ਏਧਰ ਤਾਂ ਇਹ ਗਿਣਤੀਆਂ ਮਿਣਤੀਆਂ ਸੀ ਤੇ ਇਹਨਾਂ ਦੇ ਅਨੁਸਾਰ ਕੁੜੀ ਦੀ ਕਿਸਮਤ ਤੇਜ਼ ਸੀ । ਅਗਲਿਆਂ ਆਪਣੇ ਹਾੜੇ ਹਾੜ ਲਏ ਤੇ ਦਾਅ ਲਾ ਗਏ । ਮੁੰਡੇ ਨੂੰ ਨਾਮੁਰਾਦ ਤਪਦਿਕ ਦੀ ਬੀਮਾਰੀ ਸੀ । ਮਾਂ ਪਿਉ ਆਪ ਤਾਂ ਉਸ ਕੋਲ ਰਹਿਣਾ ਨਹੀਂ ਸਨ ਚਾਹੁੰਦੇ, ਰਹਿ ਨਹੀਂ ਸਨ ਸਕਦੇ । ਉਸ ਦੀ ਸੇਵਾ ਵਾਸਤੇ ਉਹਨਾਂ ਨੂੰ ਇਕ ਦਾਸੀ ਚਾਹੀਦੀ ਸੀ ਜੋ ਉਸ ਨੂੰ ਆਪਣੀ ਜਾਨ ਨਾਲੋਂ ਪਿਆਰਾ, ਆਪਣੇ ਸਿਰ ਦਾ ਸਾਈਂ, ਪਰਮੇਸ਼ਰ ਸਮਝ ਕੇ ਉਸ ਦੀ ਦੇਖ ਭਾਲ, ਉਸ ਦੀ ਸੇਵਾ ਕਰੇ । ਬਰਾਬਰ ਦੇ ਘਰ ਦਾ ਸਾਕ ਲੈਂਦੇ, ਯੂਨੀਵਰਸਟੀ ਦੀ ਪੜ੍ਹੀ ਹੋਈ ਕੁੜੀ 'ਤੇ ਅੱਖ ਰਖਦੇ, ਅਗਲਿਆਂ ਇਕ ਤਾਂ ਪਹਿਲਾਂ ਹੀ ਭੇਤ ਕੱਢ ਲੈਣਾ ਸੀ । ਐਂ ਮਾਸਟਰ ਮਦਨ ਲਾਲ ਵਾਂਗੂੰ ਐਵੇਂ ਡੂਲ੍ਹ ਥੋਹੜਾ ਪੈਣਾ ਸੀ । ਕਿਸੇ ਕਾਰਨ ਕਰ ਕੇ ਪਹਿਲਾਂ ਪਤਾ ਨਾ ਵੀ ਲਗਦਾ, ਪਰ ਲਗਣ 'ਤੇ ਬਰਾਬਰ ਦਿਆਂ ਲੱਤ ਮਾਰ ਜਾਣੀ ਸੀ । ਆਪਣੀ ਪਾਲੀ ਪੋਸੀ ਧੀ ਨੂੰ ਰਾਹ ਜਾਂਦੀ ਤਪਦਿਕ ਥੋਹੜੀ ਕਰਵਾ ਲੈਣੀ ਸੀ । ਯੂਨੀਵਰਸਟੀ ਦੀ ਪੜ੍ਹੀ ਨੇ ਅਫਸਰੀ ਦੇ ਲਾਲਚ ਵਿਚ ਤਪਦਿਕ ਦੇ ਲਾਗੇ ਥੋਹੜਾ ਲਗਣਾ ਸੀ । ਸੌ ਕੋਸ਼ਸ਼ ਕਰਦੀ । ਅਗਲਿਆਂ ਆਪਣਾ ਪੜ੍ਹਿਆ ਵਿਚਾਰ ਲਿਆ । ਮਾੜੇ ਦੀ ਧੀ ਲਉ । ਦੇਣਗੇ ਵੀ ਕਪੜਿਆਂ ਤੋਂ ਬਾਹਰ ਹੋ ਕੇ । ਆ ਕੇ ਰਹੂਗੀ ਵੀ ਥਾਂ ਸਿਰ । ਨਾਲੇ ਮਾਪੇ ਵੀ ਬਿਰਕਣਗੇ ਨਹੀਂ । ਤਪਦਿਕ ਦੇ ਮਰੀਜ਼ ਦੀ ਸੰਭਾਲ ਹੁੰਦੀ ਜਾਊ । ਕੋਈ ਫਿਕਰ ਫਾਕਾ ਨਹੀਂ ਰਹੂ । ਕੁੜੀ ਮੈਟਰਿਕ ਪਾਸ ਐ, ਸੁਸ਼ੀਲ ਐ । ਹੱਥ ਮੂੰਹ ਵੀ ਲਗਦੀ ਐ । ਕਿਸੇ ਇਹ ਵੀ ਨਹੀਂ ਆਖਣਾ ਬਈ ਸਭ ਕੁਝ ਹੁੰਦਿਆਂ ਸੁੰਦਿਆਂ ਤੁਸਾਂ ਕੀ ਲੈ ਆਂਦੀ । ਪੇਕੇ ਆਪਣੇ ਵਲੋਂ ਖੁਸ਼ ਤੇ ਸਹੁਰੇ ਆਪਣੇ ਵਲੋਂ ਰਾਜ਼ੀ ਤੇ ਵਿਆਹ ਹੋ ਗਿਆ ।

ਊਸ਼ਾ ਤੇ ਭਗੀਰਥ ਦੇ ਵਿਆਹ ਬਾਰੇ ਊਸ਼ਾ ਦੇ ਸਹੁਰਿਆਂ ਦਾ ਮਨੋਰਥ ਸਪਸ਼ਟ ਹੈ ਅਤੇ ਪੁਜ ਕੇ ਗ਼ੈਰ-ਸਦਾਚਾਰਕ ਹੈ । ਫਿਰ ਭਗੀਰਥ ਦੀ ਮਾਂ ਕਹਿੰਦੀ ਸੁਣਾਈ ਦਿਤੀ : ''ਰਿਸ਼ਤੇ ਬਥੇਰੇ ਚੰਗੇ-ਚੰਗੇ ਘਰਾਂ ਦੇ, ਬਥੇਰੀਆਂ ਪੜ੍ਹੀਆਂ ਲਿਖੀਆਂ ਦੇ ਆਉਂਦੇ ਸੀ । ਮੈਨੂੰ ਤਾਂ ਸਾਉ ਜੀ ਕੁੜੀ ਚਾਹੀਦੀ ਸੀ ਜਿਹੜੀ ਮੇਰੇ ਪੁਤ ਦੀ ਸੇਵਾ ਕਰੇ ।' (15) ਤੇ ਉਸ ਰਾਤ ਬੈਡਰੂਮ ਦੀ ਪਿਛਲੀ ਬਾਹੀ ਵਿਚੋਂ ਦੀ ਲੰਘ ਕੇ ਤਾਰਿਆਂ ਉਪਰ ਦੀ ਤੁਰਦੀ ਉਹ ਊਸ਼ਾ ਨੂੰ ਜਿਵੇਂ ਉਹਦੇ ਪਿੰਡ ਛੱਡ ਆਈ ਸੀ । ਇਸ ਘਰ ਵਿਚ ਸਿਰਫ ਦੇਵੀ ਦੀ ਜ਼ਰੂਰਤ ਸੀ । ''ਮੈਂ ਤਾਂ ਉਸ ਲੜਕੀ ਨਾਲ ਵਿਆਹ ਕਰਨ ਲਈ ਹਾਂ ਕੀਤੀ ਸੀ ਜਿਹੜੀ ਪਿੰਡ ਦੇ ਇਕ ਮਾਸਟਰ ਦੀ ਧੀ ਐ, ਜਿਸ ਨੇ ਪਿੰਡ ਦੇ ਸਕੂਲ ਤੋਂ ਦਸਵੀਂ ਪਾਸ ਕੀਤੀ ਐ । ਜੋ ਨਰੋਈ, ਸਿਹਤਮੰਦ ਐ ਤੇ ਮੂੰਹ ਮੱਥੇ ਲੱਗਣ ਜੋਗੀ ਐ । ਜੋ ਮੇਰੀ ਸੇਵਾ ਕਰੇਗੀ ।'' (37)

ਭਗੀਰਥ ਦੇ ਆਪਣੇ ਸੰਕਲਪ ਵਿਚੋਂ ਵੀ ਵਿਆਹ ਦਾ ਅਸਲਾ ਬਿਲਕੁਲ ਅਲੋਪ ਹੈ । ਵਿਆਹ ਦੇ ਅਡੰਬਰ ਵਿਚ ਮੰਗ ਦਾਸੀ ਦੀ ਹੈ । ''ਸੋਚਿਆ ਸੀ ਤੂੰ ਮੇਰੇ ਘਰ ਦੀ, ਮੇਰੇ ਤਨ ਦੀ ਸੰਭਾਲ ਕਰੇਂਗੀ, ਮਾਲਕ ਵੀ ਹੋਏਂਗੀ, ਪਰ ਮਨ ਤਕ ਨਹੀਂ ਪਹੁੰਚੇਂਗੀ । ਉਥੇ ਸਭ ਕੁਝ ਉਸੇ ਤਰ੍ਹਾਂ ਢਕਿਆ

ਢਕਾਇਆ ਪਿਆ ਰਹੇਗਾ।''...''ਇਸ ਤਰ੍ਹਾਂ ਤਾਂ ਮੈਂ ਕੈਦ ਹੋਇਆ ਮਹਿਸੂਸ ਕਰਦਾ ਹਾਂ''। (38) ਜੇ ਊਸ਼ਾ ਭਗੀਰਥ ਦੇ ਮਨ ਨਾਲ ਸਾਂਝ ਪਾਉਣ ਦੀ ਕਰੇ, ਉਸ ਦੇ ਮਨ ਤਕ ਪਹੁੰਚਣ ਦੀ ਕਰੇ ਤਾਂ ਭਗੀਰਥ ਕੈਦ ਹੋਇਆ ਮਹਿਸੂਸ ਕਰਦਾ ਐ। ਇਹ ਹੈ ਭਗੀਰਥ ਦੇ ਊਸ਼ਾ ਨਾਲ ਵਿਆਹ ਦਾ ਅਸਲਾ। ''ਮੈਂ ਤਾਂ ਅਗੇ ਈ ਤੇਰੇ ਪਾਪਾ ਨੂੰ ਆਖਦੀ ਹੁੰਦੀ ਸੀ ਬਈ ਇਕਬਾਸੀ ਤਾਂ ਰੋਟੀ ਵੀ ਸੜ ਜਾਂਦੀ ਐ। ਲਖ ਵੱਡਾ ਘਰ ਹੋਵੇ, ਲਖ ਉਨ੍ਹਾਂ ਦਾ ਊਸ਼ਾ ਬਿਨਾਂ ਸਰਦਾ ਨਾ ਹੋਵੇ ਪਰ ਏਸ ਲਈ ਤਾਂ ਸਮਝੋ ਇਕ ਕਿਸਮ ਦੀ ਕੈਦ ਹੋ ਗਈ। ਠੀਕ ਐ ਹੁਣ ਪੂਰਨਮਾਸ਼ੀ ਤਕ ਰਹੀਂ, ਵਧ ਨਹੀਂ ਤਾਂ।'' (40) ਤਨਖਾਹ 'ਤੇ ਰਖਿਆ ਨੌਕਰ ਤਾਂ ਛੁਟੀ ਲੈ ਕੇ ਕੁਝ ਦਿਨ ਜਾ ਸਕਦਾ ਹੈ। ਆਪਣੇ ਪਿਛੇ ਵਾਲਿਆਂ ਦੀ ਜਾ ਕੇ ਖਬਰ ਸੁਰਤ ਲੈ ਸਕਦਾ ਹੈ। ਪਰ ਭਗੀਰਥ ਦੇ ਅਨੁਸਾਰ ਵਹੁਟੀ ਤਾਂ ਜ਼ਰ ਖਰੀਦ ਹੋਈ, ਉਸ ਦਾ ਹਿੱਲ ਕੇ ਜਾਣ ਦਾ ਕੀ ਕੰਮ ? ''ਭਗੀਰਥ ਦੀ ਮਾਂ ਕੁਝ ਨਹੀਂ ਆਖਦੀ। ਉਨ੍ਹਾਂ ਨੂੰ ਆਪਣੇ ਪੁਤ ਦੀ ਸੇਵਾ ਲਈ ਇਕ ਲੜਕੀ ਚਾਹੀਦੀ ਸੀ, ਉਹ ਮਿਲ ਗਈ। ਹੋਰ ਉਨ੍ਹਾਂ ਨੂੰ ਕੁਝ ਨਹੀਂ ਚਾਹੀਦਾ। ਊਸ਼ਾ ਨੇ ਤਿਊੜੀਆਂ ਪਾ ਕੇ ਆਖਿਆ।'' (47) ''ਜੇ ਕੁਝ ਹੋ ਵੀ ਜਾਵੇ ਤਾਂ ਵੀ ਤੁਹਾਨੂੰ ਕੀ ਫਰਕ ਪੈਂਦੈ ਸਗੋਂ ਮੇਰੇ ਨਾਲੋਂ ਚੰਗੀ ਕੋਈ ਮਿਲ ਜੂ।'' ''ਤੂੰ ਤਾਂ ਬੇਵਕੂਫ ਐਂ। ਮੈਨੂੰ ਇਹ ਫ਼ਜ਼ੂਲ ਸੈਂਟੀਮੈਂਟਲ ਗੱਲਾਂ ਪਸੰਦ ਨਹੀਂ। ਤੂੰ ਆਪਣੀ ਸਿਹਤ ਦਾ ਵੀ ਖਿਆਲ ਨਹੀਂ ਸੀ ਰਖ ਸਕਦੀ ? ਬਿਮਾਰ ਹੋ ਕੇ ਪੈ ਗਈ, ਫੇਰ ਤੇਰਾ ਬਾਪੂ ਸਾਂਭੂ ਆ ਕੇ।'' (65-66) ''ਇਹੀ ਕਿ ਜਦੋਂ ਤੁਸੀਂ ਬਿਮਾਰ ਸੀ ਉਹਦੀ ਲੋੜ ਸੀ, ਤੇ ਜਦੋਂ ਉਹ ਬਿਮਾਰ ਹੋ ਗਈ ਤੁਹਾਨੂੰ ਹੋਰ ਔਰਤ ਚਾਹੀਦੀ ਸੀ।'' ''ਨਾਰਾਜ਼ ਹੋਣ ਵਾਲੀ ਗਲ ਐ, ਫੁਲ ਵਰਗੀ ਕੁੜੀ ਨੂੰ ਤੁਸੀਂ ਬਰਬਾਦ ਕਰ ਕੇ ਰਖ ਦਿਤਾ। ਤੁਸੀਂ ਉਸ ਨੂੰ ਸਿਰਫ ਮੁਫਤ ਦੀ ਨੌਕਰਾਣੀ ਸਮਝ ਲਿਆ ਸੀ, ਜਿਸ ਨੂੰ ਜਦੋਂ ਜੀ ਕਰੇ ਘਰੋਂ ਕੱਢ ਦਿਓ।'' (136)

ਵੇਖਣ ਦੀਆਂ ਗੱਲਾਂ ਵੇਖਣ ਦੀਆਂ। ਅਸਲੀਅਤ ਨੇ ਅੰਤ ਜ਼ਾਹਿਰ ਹੋਣਾ ਹੀ ਸੀ। ਉਸ ਨੇ ਆਣ ਮੂੰਹ ਵਿਖਾਇਆ। ਆਪਣੇ ਵਿਆਂਧੜ ਦੇ ਘਰ ਊਸ਼ਾ ਵਿਓੜ੍ਹ ਸੀ ਪਰ ਤਕਰੀਬਨ ਸਿਰਫ ਨਾਂ ਨੂੰ ਈ। ਅਸਲ ਵਿਚ ਉਹ ਊਸ਼ਾ ਹੈ ਹੀ ਨਹੀਂ ਸੀ ਸਿਰਫ 'ਦੇਵੀ' ਸੀ...ਬ੍ਰਾਹਮਣੀ ਕਲਚਰ ਦੀ ਸੰਕਲਪੀ, ਸਿਰਜੀ 'ਦੇਵੀ'। ਬ੍ਰਾਹਮਣੀ ਕਲਚਰ ਨੇ ਔਰਤ ਨੂੰ ਜ਼ਲੀਲ ਤਾਂ ਰਜ ਕੇ ਕੀਤੀ ਰਖਿਆ ਹੈ ਪਰ ਨਾਂ ਉਸ ਦਾ ਰਖ ਛਡਿਆ 'ਦੇਵੀ'। ਉਸ ਤਰ੍ਹਾਂ ਹੀ ਜਿਸ ਤਰ੍ਹਾਂ ਟੱਟੀ ਚੁਕਣ ਤੇ ਟੱਟੀ ਸਾਫ ਕਰਨ ਵਾਲੇ ਨੂੰ ਜਮਾਂਦਾਰ, ਪਾਣੀ ਭਰਨ ਵਾਲੇ ਨੂੰ ਪੈਂਚ, ਤੇ ਮਰਨੇ ਤੇ ਵਿਆਹ ਸ਼ਾਦੀ 'ਤੇ ਰੋਟੀ ਪਾਣੀ ਬਣਾਉਣ ਵਾਲੇ ਲਾਗੀ ਨੂੰ ਰਾਜਾ। ਇਹ ਕਹਿਣਾ ਕਿ ਊਸ਼ਾ ਦਿਆਂ ਸਹੁਰਿਆਂ ਨੂੰ ਆਪਣੇ ਪੁੱਤ ਦੀ ਸੇਵਾ ਵਾਸਤੇ ਇਕ ਸੇਵਾਦਾਰਨੀ ਚਾਹੀਦੀ ਸੀ ਪੂਰੀ ਅਸਲੀਅਤ ਨਹੀਂ। ਜ਼ਰ-ਖਰੀਦ ਕਹਿਣਾ ਵੀ ਅਸਲ ਅਸਲੀਅਤ ਜ਼ਾਹਿਰ ਨਹੀਂ ਕਰਦਾ। ਬ੍ਰਾਹਮਣੀ ਕਲਚਰ ਦੀ ਸੰਕਲਪੀ, ਸਿਰਜੀ 'ਦੇਵੀ' ਦੀ ਅਸਲੀਅਤ ਸਮਝਣੀ ਲਾਜ਼ਮੀ ਹੈ। ਉਸ 'ਦੇਵੀ' ਦੇ ਬੁੱਤ ਵਿਚ ਊਸ਼ਾ ਦੇ ਜੀਉਂਦਿਆਂ ਰਹਿਣ ਦੀ ਕੋਈ ਗੁੰਜਾਇਸ਼ ਨਹੀਂ ਸੀ। ਇਸ ਵਾਸਤੇ ਹੀ ਉਹ ਊਸ਼ਾ ਨੂੰ ਜਿਵੇਂ ਉਹਦੇ ਪਿੰਡ ਛਡ ਆਈ ਸੀ। ਇਸ ਘਰ ਵਿਚ ਸਿਰਫ 'ਦੇਵੀ' ਦੀ ਜ਼ਰੂਰਤ ਸੀ। ਜੇ ਤੁਸੀਂ ਕਿਸੇ ਬੰਦੇ ਨੂੰ ਤਨਖਾਹ ਦੇ ਕੇ ਨੌਕਰ ਰਖੋ ਤਾਂ ਉਸ ਦੀ ਤੁਹਾਡੇ ਵਲ ਜ਼ੁਮੇਵਾਰੀ ਮਹਿਦੂਦ ਹੁੰਦੀ ਐ। ਤੁਸੀਂ ਉਸ ਉਤੇ ਆਪਣੀ ਮਾਲਕੀ ਕਿਸੇ ਹੱਦ ਤਕ ਹੀ ਜਗਾ ਸਕਦੇ ਹੋ। ਤੁਹਾਨੂੰ ਪਤਾ ਹੁੰਦਾ ਹੈ ਕਿ ਤੁਸੀਂ ਉਸ ਹੱਦੋਂ ਅੱਗੇ ਟੱਪੇ ਉਹ ਜਵਾਬ ਦੇ ਕੇ ਤੁਰ ਜਾਵੇਗਾ। ਤਨਖਾਹ 'ਤੇ ਰਖੇ ਨੌਕਰ ਦੀ ਗਲ ਵੀ ਛਡੋ। ਕੋਈ ਬੰਦਾ ਤੁਹਾਡਾ ਜ਼ਰ-ਖਰੀਦ ਵੀ ਹੋਵੇ ਤੁਸੀਂ ਉਸ 'ਤੇ



ਤਨਖਾਹ 'ਤੇ ਰਖੇ ਨੌਕਰ ਨਾਲੋਂ ਤਾਂ ਜ਼ਿਆਦਾ ਜ਼ਾਬਤੇ ਪਾ ਸਕਦੇ ਹੋ ਪਰ ਜਿਸ ਹੱਦ ਤਕ ਬ੍ਰਾਹਮਣੀ ਕਲਚਰ ਦੀ 'ਦੇਵੀ' ਨਾਲ ਜਾ ਸਕਦੇ ਹੋ ਤੇ ਜਾਂਦੇ ਹੋ, ਉਸ ਹੱਦ ਤਕ ਤੁਸੀਂ ਜ਼ਰ-ਖਰੀਦ ਬੰਦੇ ਨਾਲ ਨਹੀਂ ਜਾ ਸਕਦੇ। ਜਿਸ ਕਾਸੇ ਦੀ ਭਗੀਰਥ ਊਸ਼ਾ ਕੋਲੋਂ ਮੰਗ ਕਰਦਾ ਹੈ ਅਤੇ ਜਿਸ ਤਰ੍ਹਾਂ ਉਹ ਉਸ ਨੂੰ ਆਪਣੀ ਮੰਗ ਦੇ ਸੱਚੇ ਵਿਚ ਢਾਲ ਕੇ ਉਸ ਦੀ ਜ਼ਿੰਦਗੀ ਨੂੰ ਮੁਢੋਂ ਲੈ ਕੇ ਅਖੀਰ ਤਕ ਨਸ਼ਟ ਕਰਦਾ ਹੈ—ਇਹ ਹਾਲ ਸਾਡੀ ਬ੍ਰਾਹਮਣੀ ਕਲਚਰ ਦੀ ਸੰਕਲਪੀ-ਸਿਰਜੀ 'ਦੇਵੀ' ਦਾ ਹੀ ਹੋ ਸਕਦਾ ਹੈ। ਜ਼ਰ-ਖਰੀਦ ਬੰਦੇ ਦਾ ਨਹੀਂ ਹੋ ਸਕਦਾ। ਵਿਆਂਦੜ੍ਹ ਦੇ ਮਰਨ 'ਤੇ ਅੱਗ 'ਚ ਪੈ ਕੇ ਸਤੀ ਹੋਣਾ ਤਾਂ ਸਾਹਮਣੇ ਦਿਸਦਾ ਸੀ, ਉਹ ਗ਼ੈਰ-ਕਾਨੂੰਨੀ ਕਰਾਰ ਦਿਤਾ ਗਿਆ। ਪਰ ਇਸ ਕਲਚਰ ਵਿਚ ਵਿਓੜ੍ਹ ਦਾ ਵਿਆਂਦੜ੍ਹ ਦੇ ਨਾਲ ਅੱਠੇ ਪਹਿਰ, ਹਰ ਘੜੀ, ਸਾਰੀ ਉਮਰ ਸਤੀ ਹੋਣਾ—ਸਿਰਫ ਸਰੀਰਕ ਤੌਰ 'ਤੇ ਹੀ ਨਹੀਂ, ਸਰੀਰਕ ਨਾਲੋਂ ਵੀ ਮਾਨਸਕ, ਜਜ਼ਬੇ ਦੇ, ਪਿੱਤੇ ਦੇ ਤੌਰ 'ਤੇ ਜ਼ਿਆਦਾ—ਅਜੇ ਵੀ ਬਰਕਰਾਰ ਹੈ ਅਤੇ ਭਿਆਨਕ ਗਲ ਇਹ ਹੈ ਕਿ ਇਹ ਵਿਓੜ੍ਹ ਦਾ ਕਰਮ ਧਰਮ, ਸਦਾਚਾਰਕ ਫਰਜ਼ ਸਮਝਿਆ ਜਾਂਦਾ ਐ। ਪਤੀਬਰਤ ਧਰਮ ਕਰਾਰ ਦਿਤਾ ਜਾਂਦਾ ਹੈ। ਸਮਾਜ ਦੀ ਕਲਚਰ ਇਸ 'ਤੇ ਨੰਗੇ-ਮੂੰਹ ਮੋਹਰ ਲਾਉਂਦੀ ਹੈ।

ਸੱਜ ਵਿਆਹੀ ਦੀ ਪਹਿਲੀ ਰਾਤੇ ਹੀ ਭਗੀਰਥ ਨੇ ਉਸ ਨੂੰ ਆਪਣੇ ਰਾਹੇ ਪਾ ਲਿਆ। ਉਸ ਨਾਲ ਆਪਣੇ ਰਿਸ਼ਤੇ ਦਾ ਨਮੂਨਾ ਦਿਖਾ ਦਿਤਾ। ''ਵਿਆਹ ਵਾਲੀ ਰਾਤ ਜਦੋਂ ਭਗੀਰਥ ਨੇ ਉਸ ਨੂੰ ਆਖਿਆ ਸੀ, 'ਮੇਰੀਆਂ ਜ਼ਰਾ ਲੱਤਾਂ ਦਬਾ ਦੇ, ਮੈਂ ਬਹੁਤ ਥੱਕ ਗਿਆਂ ਏਸ ਖਲਜਗਣਾਂ 'ਚ।' ਤਾਂ ਉਸ ਨੂੰ ਭਗੀਰਥ ਵਲ ਦੇਖ ਕੇ ਕੁਝ ਸਮਝ ਨਹੀਂ ਸੀ ਲੱਗਿਆ ਤੇ ਉਹ ਛਣ ਛਣ ਕਰਦੇ ਚੂੜੇ ਚੂੜੀਆਂ ਵਾਲੇ ਹੱਥਾਂ ਨਾਲ ਉਸ ਦੀਆਂ ਲੱਤਾਂ ਘੁਟਣ ਲਗ ਪਈ ਸੀ। ''ਬੜਾ ਸੁਖ ਮਿਲਦੈ ਇਉਂ ਘੁਟਾਣ ਨਾਲ'' ਭਗੀਰਥ ਨੇ ਮੋਹ ਨਾਲ ਉਹਦੇ ਵਲ ਤਕਦਿਆਂ ਆਖਿਆ ਸੀ। ਨੀਵੀਂ ਪਾਈ ਕਿੰਨਾ ਹੀ ਚਿਰ ਉਹ ਉਹਦੀਆਂ ਲੱਤਾਂ ਦਬਾਉਂਦੀ ਰਹੀ। ਕਿੰਨੇ ਹੀ ਚਿਰ ਮਗਰੋਂ ਜਦੋਂ ਉਹ ਉਸ ਵਲ ਝਾਕੀ ਤਾਂ ਉਹ ਸੌਂ ਚੁਕਾ ਸੀ। ਸੁਤੇ ਪਏ ਭਗੀਰਥ ਵਲ ਉਸ ਨੇ ਸੰਗ ਕੇ ਦੇਖਿਆ। ਭਗੀਰਥ ਉਸ ਨੂੰ ਬਹੁਤ ਚੰਗਾ ਲੱਗਿਆ। ''ਲੱਤਾਂ ਦਬਾਂਦਿਆਂ ਰਹਿਣ ਨਾਲ ਕਿਧਰੇ ਜਾਗ ਤਾਂ ਨਹੀਂ ਪੈਣਗੇ ?'' ਇਹ ਸੋਚਦਿਆਂ ਉਸ ਦੇ ਹੱਥ ਅਟਕ ਗਏ। ਭਗੀਰਥ ਸੱਚੀਂ ਜਾਗ ਪਿਆ। 'ਥੱਕ ਗਈ ? ਅੱਛਾ ਸੌਂ ਜਾ' ਆਖ ਉਹ ਪਾਸਾ ਪਲਟ ਕੇ ਪੈ ਗਿਆ।'' (14) ''ਮੈਂ ਦਵਾਈ ਭੁਲ ਗਿਆ ਸੀ ਇਸੇ ਲਈ ਰਾਹ 'ਚੋਂ ਮੁੜ ਆਇਆਂ 'ਕਿਥੇ ਰਖੀ ਐ ਗੋਲੀਆਂ ਦੀ ਸ਼ੀਸ਼ੀ ?'' ਬਿਨਾਂ ਕੁਝ ਆਖਿਆਂ ਊਸ਼ਾ ਨੇ ਕਾਰਨਸ ਤੋਂ ਚੁਕ ਕੇ ਗੋਲੀਆਂ ਦੀ ਸ਼ੀਸ਼ੀ ਫੜਾ ਦਿਤੀ। ਪਾਣੀ ਦਾ ਗਲਾਸ ਲਿਆ ਦਿਤਾ। ਸ਼ੀਸ਼ੀ ਖੋਲ੍ਹ ਕੇ ਦੋ ਗੋਲੀਆਂ ਪਾਣੀ ਨਾਲ ਲੈ ਕੇ ਸ਼ੀਸ਼ੀ ਬੰਦ ਕਰ ਕੇ ਜੇਬ 'ਚ ਪਾ ਕੇ ਭਗੀਰਥ ਜਾਣ ਲੱਗਿਆਂ ਉਹਦੇ ਵਲ ਤੱਕ ਕੇ ਬਸ ਏਨਾ ਹੀ ਬੋਲਿਆ, ''ਇਹ ਤੇਰਾ ਕੰਮ ਐ ਦੇਵੀ ਯਾਦ ਰਖਣਾ ਬਈ ਦਵਾਈ ਦੇਣੀ ਐ'' ਤੇ ਉਹ ਉਨ੍ਹੀਂ ਪੈਰੀਂ ਚਲਿਆ ਗਿਆ। (13) ਘਰ ਦੀ ਸਫਾਈ ਦੇ ਨਾਲ ਧੂਫ ਗੁਗਲ ਡੰਗੀ ਰਖਣਾ, ਰੋਟੀ ਟੁਕ ਖਾਸ ਧਿਆਨ ਨਾਲ ਬਣਾਉਣਾ, ਕਪੜੇ ਭਾਂਡਿਆਂ ਨੂੰ ਧੋਣ ਸਮੇਂ ਵਿਚ ਦਵਾਈ ਪਾ ਦੇਣੀ, ਭਗੀਰਥ ਨੂੰ ਦੁਧ ਫਲ ਦਵਾਈਆਂ ਬਿਲਾ ਨਾਗਾ ਐਨ ਵਕਤ ਸਿਰ ਦੇ ਦੇਣਾ ਤੇ ਉਹਦੇ ਆਰਾਮ ਦਾਂ ਪੂਰਾ ਧਿਆਨ ਰਖਣਾ, ਬਹੁਤਾ ਚਿਰ ਬੈਠਣਾ ਨਹੀਂ, ਪੜ੍ਹਨਾ ਨਹੀਂ, ਬੋਲਣਾ ਨਹੀਂ, ਬੇ-ਆਰਾਮ ਜਾਂ ਗ਼ੁਸੇ ਨਹੀਂ ਹੋਣ ਦੇਣਾ। ਇਸ ਸਭ ਕਾਸੇ ਦਾ ਉਸ ਨੂੰ ਪਤਾ ਸੀ। (16) ''ਉਠੋ ਦੇਵੀ 'ਜੀ' ਭਗੀਰਥ ਨੇ ਜਦੋਂ ਜਗਾਇਆ ਉਸ ਨੂੰ ਬੜੀ ਸੰਗ ਲੱਗੀ ਸੀ। ਪਰ ਇਹ ਤਾਂ ਪੁਰਾਣੀ ਗੱਲ ਐ; ਹੁਣ ਕਦੇ ਇਉਂ ਨਹੀਂ ਸੀ ਹੁੰਦਾ।

ਇਕ ਵਾਰੀ ਭਗੀਰਥ ਨੇ ਨਾਰਾਜ਼ ਹੋ ਕੇ ਉਸ ਨੂੰ ਜਦੋਂ ਆਖਿਆ ਸੀ ਕਿ, "ਇਹ ਹੋ ਹੀ ਨਹੀਂ ਸਕਦਾ ਸੀ ਉਹਦੀ ਮਾਂ ਜਾਂ ਨਾਨੀ, ਦੇਰ ਤਕ ਕਦੇ ਸੁਤੀਆਂ ਪਈਆਂ ਹੋਣ।" ਉਸ ਤੋਂ ਪਿਛੋਂ ਉਹ ਕਦੇ ਦੇਰ ਨਾਲ ਨਹੀਂ ਸੀ ਉਠੀ। ਸਵੇਰੇ ਦੇਰ ਨਾ ਹੋ ਜਾਵੇ ਇਸ ਡਰ ਕਾਰਨ ਕਈ ਵਾਰੀ ਤਾਂ ਰਾਤ ਨੂੰ ਉਹਨੂੰ ਜਾਗ ਆ ਜਾਂਦੀ ਤੇ ਕਦੇ ਕਦੇ ਤਾਂ ਉਸ ਨੂੰ ਨੀਂਦ ਹੀ ਨਾ ਆਉਂਦੀ ਤੇ ਫੇਰ ਦਿਨ ਨੂੰ ਉਸ ਦਾ ਸਿਰ ਦੁਖਣ ਲੱਗ ਜਾਂਦਾ। (15)

ਭਗੀਰਥ ਦਾ ਮਨ ਕੀਤਾ ਉਠ ਕੇ ਸਭ ਕੁਝ ਭੰਨ ਤੋੜ ਦੇਵੇ। ਸਾਲਿਆਂ ਨੂੰ ਕਿਸੇ ਨੂੰ ਪਰਵਾਹ ਹੀ ਨੀ, ਬਈ ਮੈਂ ਕਿੰਨਾ ਔਖਾ ਆਂ। ਪਰ ਉਠਣ ਦੀ ਵੀ ਉਸ ਵਿਚ ਹਿੰਮਤ ਨਹੀਂ। ਉਸ ਨੇ ਖਿਝ ਕੇ ਆਵਾਜ਼ ਦਿਤੀ 'ਊਸ਼ਾ'। ਊਸ਼ਾ ਉਭੜਵਾਹੇ ਉਠੀ। "ਤੁਸੀਂ ਮੈਨੂੰ ਆਵਾਜ਼ ਦਿਤੀ ਐ?" ਉਸ ਨੇ ਕਾਹਲੀ ਵਿਚ ਨੰਗੇ ਪੈਰੀਂ ਹੀ ਉਸ ਦੇ ਕੋਲ ਆ ਕੇ ਪੁਛਿਆ। "ਟਾਈਮ ਦਿਸਦੈ—ਕੀ ਹੋਇਐ? ਭਗੀਰਥ ਨੇ ਘੰਟੇ ਵਲ ਹੱਥ ਕਰ ਕੇ ਤਲਖੀ ਨਾਲ ਆਖਿਆ। "ਦੇਰ ਹੋ ਗਈ ਜਾਗਣ ਵਿਚ" ਊਸ਼ਾ ਨੇ ਵਿਚਾਰੀ ਜਿਹੀ ਆਵਾਜ਼ ਵਿਚ ਆਖਿਆ। "ਮੈਂ ਜ਼ਿੰਦਗੀ ਭਰ ਵਿਚ ਕਦੇ ਇਹ ਨਹੀਂ ਸੀ ਦੇਖਿਆ ਕਿ ਸਾਡੇ ਵਿਚੋਂ ਕੋਈ ਜਾਗ ਪਿਆ ਹੋਵੇ ਤੇ ਮਾਂ ਸਾਡੀ ਸੁੱਤੀ ਪਈ ਹੋਵੇ। ਇਕ ਤੂੰ ਐਂ ਕਿ...ਉਹ ਬੋਲਦਾ ਗਿਆ। ਨੰਗੇ ਪੈਰਾਂ ਨੂੰ ਠੰਢੇ ਫਰਸ਼ ਤੋਂ ਠੰਢ ਚੜ੍ਹ ਰਹੀ ਸੀ ਪਰ ਊਸ਼ਾ ਭਗੀਰਥ ਦੀ ਗੱਲ ਪੂਰੀ ਸੁਣੇ ਬਿਨਾਂ ਵਾਪਸ ਪਰਤ ਕੇ ਚਪਲਾਂ ਪਾਉਣ ਨਹੀਂ ਸੀ ਜਾ ਸਕਦੀ। ਜਾਂਦੀ ਤਾਂ ਉਸ ਨੇ ਖਿਝ ਜਾਣਾ ਸੀ। ਇਸ ਲਈ ਚੁਪਚਾਪ ਖੜੀ ਸੁਣਦੀ ਰਹੀ ਕਿ ਅਗੋਂ ਉਹਨੇ ਕੀ ਆਖਣਾ ਹੈ। ਗਲ ਸਰੀਰ ਦੇ ਸਤੀ ਹੋਣ ਤਕ ਮਹਿਦੂਦ ਨਹੀਂ ਸੀ। ਕਈ ਵਾਰੀ ਫਿਲਮ ਦੇਖਣ ਜਾਣ ਨੂੰ ਉਹਦਾ ਮਨ ਕਰਦਾ।...ਇਕ ਦਿਨ ਉਹਨੇ ਸਿਨੇਮਾ ਚਲਣ ਲਈ ਆਖਿਆ ਤਾਂ ਅਗੋਂ ਭਗੀਰਥ ਬੋਲਿਆ—"ਤੂੰ ਸੋਚ ਸਕਦੀ ਐਂ ਦੇਵੀ ਕਿ ਪਤੀ ਘਰ ਬਿਮਾਰ ਪਿਆ ਹੋਵੇ ਤੇ ਪਤਨੀ ਸਿਨਮਾ ਦੇਖਣ ਗਈ ਹੋਵੇ। ਅਜ ਤੋਂ ਵੀਹ ਸਾਲ ਪਹਿਲਾਂ ਇਹ ਹੁੰਦਾ ਹੋਵੇਗਾ? ਅੱਜ ਦੀਆਂ ਔਰਤਾਂ ਤਾ ਖਬਰੇ ਔਰਤਾਂ ਹੀ ਨਹੀਂ ਰਹਿ ਗਈਆਂ।" ਇਸ ਤੋਂ ਪਿਛੋਂ ਊਸ਼ਾ ਨੇ ਕਦੇ ਸਿਨਮਾ ਜਾਣ ਲਈ ਨਹੀਂ ਸੀ ਆਖਿਆ।

ਭਗੀਰਥ ਨੇ ਊਸ਼ਾ ਨੂੰ ਕਿਸ ਹੱਦ ਤਕ ਸਤੀ ਕਰ ਛਡਿਆ ਸੀ ਉਹ ਆਈ ਦਿਵਾਲੀ ਤੋਂ ਵੀ ਜ਼ਾਹਰ ਸੀ! ਭਲਕੇ ਦਿਵਾਲੀ ਸੀ। 'ਕੁਝ ਮੰਗਵਾਉਣੈ? ਚਪੜਾਸੀ ਆਇਐ। ਉਂਜ ਮਠਿਆਈ ਤਾਂ ਦੇਣ ਲੈਣ ਵਾਲੇ ਲੋਕਾਂ ਦੇ ਘਰਾਂ ਤੋਂ ਬਥੇਰੀ ਆ ਜਾਂਦੀ ਹੁੰਦੀ ਐ।" ਭਗੀਰਥ ਨੇ ਦਫਤਰ ਤੋਂ ਆ ਕੇ ਚਾਹ ਪੀਂਦਿਆਂ ਊਸ਼ਾ ਨੂੰ ਆਖਿਆ। ਉਹ ਊਸ਼ਾ ਹੁੰਦੀ ਤਾਂ ਉਹਨੇ ਆਖਣਾ ਸੀ ਨਵੀਂ ਇਕ ਸਾੜ੍ਹੀ ਲੈ ਕੇ ਦਿਓ। ਕੁਝ ਭਾਂਡੇ ਖਰੀਦਣੇ ਨੇ, ਮਾਂ ਆਖਦੀ ਸੀ ਦਿਵਾਲੀ ਵਾਲੇ ਦਿਨ ਖਰੀਦਣੇ ਚੰਗੇ ਹੁੰਦੇ ਨੇ। ਕੁਝ ਪਟਾਕੇ, ਆਤਸ਼ਬਾਜ਼ੀਆਂ। ਬਾਕੀ ਹਵੜੀ, ਮੋਮਬੱਤੀਆਂ, ਮਠਿਆਈ। ਨਾਲੇ ਸਜੀਆਂ ਹੋਈਆਂ ਦੁਕਾਨਾਂ, ਸਜੇ ਹੋਏ ਲੋਕ, ਬਾਜ਼ਾਰ ਇਕ ਨਹੀਂ ਦੋ ਚੱਕਰ ਲਾ ਕੇ ਆਵਾਂਗੇ। ਪਰ ਉਹ ਊਸ਼ਾ ਨਹੀਂ ਸੀ, ਦੇਵੀ ਸੀ। ਇਸ ਲਈ ਏਨਾ ਹੀ ਆਖਿਆ, "ਹਵੜੀ ਤੇ ਮੋਮਬੱਤੀਆਂ ਮੰਗਵਾ ਲਓ। ਹਾਂ, ਮਾਂ ਲਕਸ਼ਮੀ ਦੀ ਤਸਵੀਰ ਵਾਲਾ ਇਕ ਕਲੰਡਰ ਵੀ।" "ਤੂੰ ਆਪਣਾ ਵੀ ਖਿਆਲ ਰਖਿਆ ਕਰ। ਡਾਕਟਰ ਆਖਦਾ ਸੀ ਕਈ ਵਾਰੀ ਮਰੀਜ਼ ਨੂੰ ਰਾਜ਼ੀ ਕਰਦਾ ਕਰਦਾ ਉਪਰਲਾ ਬੰਦਾ ਬਿਮਾਰ ਪੈ ਜਾਂਦੈ। ਅਗੇ ਨਾਲੋਂ ਤੇਰੀ ਸੇਹਤ ਲਗਦੀ ਵੀ ਕਮਜ਼ੋਰ ਹੋਈ ਐ," ਭਗੀਰਥ ਨੇ ਜਦੋਂ ਆਖਿਆ, ਉਹ ਹੱਸ ਪਈ। ਭਗੀਰਥ ਉਸ ਨੂੰ ਹਸਦੀ ਨੂੰ ਵੇਖ ਇਕ ਪਲ ਉਸ ਵਲ ਝਾਕਦਾ ਰਿਹਾ। ਇਹ ਹਾਸਾ ਕਿੰਨਾ ਸੁਭਾਵਿਕ ਸੀ...ਇਕ ਫੁਲ ਦੇ ਖਿੜਨ ਵਾਂਗ। ਤੇ ਕਈ ਵਾਰੀ



ਉਹ ਬਿਨਾਂ ਹੀ ਹੱਸਣ ਵਾਲੀ ਗੱਲ ਤੋਂ ਹੱਸਣ ਲਗ ਜਾਂਦੀ ਸੀ ਤੇ ਭਗੀਰਥ ਨੂੰ ਉਹ ਹਾਸਾ ਕਦੇ ਕਦੇ ਅਜੀਬ ਜਿਹਾ ਵੀ ਲਗਦਾ। "ਕੀ ਦੇਖ ਰਹੇ ਓ?" ਊਸ਼ਾ ਨੇ ਪੁਛਿਆ। "ਤੂੰ ਬਿਲਕੁਲ ਅਨਪੜ੍ਹਾਂ ਵਾਂਗ ਹਸਦੀ ਐਂ, ਉਚੀ ਉਚੀ।" "ਹੋਰ ਬਿਮਾਰਾਂ ਵਾਂਗ ਹਸਿਆ ਕਰਾਂ?" ਉਸ ਨੇ ਉਸੇ ਤਰ੍ਹਾਂ ਹਸਦਿਆਂ ਆਖਿਆ। ਪਰ ਉਸ ਦੀ ਇਹ ਗਲ ਭਗੀਰਥ ਨੂੰ ਜਿਵੇਂ ਛਿਲਦੀ ਲੰਘੀ। ਉਸ ਨੇ ਕ੍ਰੋਧਵਾਨ ਹੋ ਕੇ ਆਖਿਆ, "ਜਾਹਲ ਲੜਕੀ ਮੁੰਡਿਆਂ ਵਾਲੇ ਸਕੂਲ ਵਿਚ ਪੜ੍ਹ ਕੇ ਤੈਨੂੰ ਇਹੀ ਭੁਲ ਗਿਐ ਕਿ ਔਰਤ ਹੋਣਾ ਕੀ ਹੁੰਦੈ। ਇਸ ਤਰ੍ਹਾਂ ਹਸਦੀ ਤੂੰ ਪਾਗਲ ਲਗਦੀ ਐਂ।" ਊਸ਼ਾ ਦਾ ਹਾਸਾ ਉਸ ਦੇ ਬੁੱਲ੍ਹਾਂ ਉਪਰ ਹੀ ਜਿਵੇਂ ਮਰ ਗਿਆ। ਉਹ ਉਠ ਕੇ ਅੰਦਰ ਚਲੀ ਗਈ... ਇਕਾ ਇਕ ਉਹਦੀ ਨਜ਼ਰ ਸ਼ੀਸ਼ੇ ਵਿਚ ਆਪਣੀ ਸ਼ਕਲ 'ਤੇ ਪਈ। ਉਹਨੇ ਵੇਖਿਆ ਸ਼ੀਸ਼ੇ ਵਿਚ ਹੀ ਉਹਦੀ ਸ਼ਕਲ ਦੀਆਂ ਅੱਖਾਂ ਪਾਣੀ ਨਾਲ ਭਰੀਆਂ ਹੋਈਆਂ ਸਨ ਤੇ ਫੇਰ ਉਹ ਪਾਣੀ ਕੰਢਿਆਂ ਨੂੰ ਪਾਰ ਕਰ ਕ ਵਹਿ ਤੁਰਿਆ। ਹੌਲੀ ਹੌਲੀ ਤੁਰਦਾ ਭਗੀਰਥ ਉਹਦੇ ਪਿਛੇ ਆ ਖਲੋਤਾ। ਅੱਖਾਂ ਝੁਕਾਈ ਉਹ ਝਾੜ ਪੂੰਝ ਦਾ ਕੰਮ ਉਸੇ ਤਰ੍ਹਾਂ ਕਰਦੀ ਰਹੀ। ਭਗੀਰਥ ਨੇ ਪੋਲੇ ਜਿਹੇ ਉਹਦੇ ਮੋਢੇ 'ਤੇ ਹੱਥ ਰਖਿਆ। "ਦੇਵੀ ਨਰਾਜ਼ ਹੋ ਗਈ?" ਉਹਨੇ ਹੱਸ ਕੇ ਪੁਛਿਆ। ਊਸ਼ਾ ਨੇ ਕੋਈ ਉਤਰ ਨਾ ਦਿਤਾ। ਬਸ ਅੱਖਾਂ ਭਰ ਭਰ ਉਛਲਦੀਆਂ ਰਹੀਆਂ। "ਮੈਨੂੰ ਇਹ ਪਸੰਦ ਨਹੀਂ ਕਿ ਤੂੰ ਮੈਨੂੰ ਖਹ-ਮ-ਖਾਹ ਪਰਸ਼ਾਨ ਕਰੇਂ। ਮੈਂ ਤੇਰੇ ਗੋਲੀ ਤਾਂ ਨੀ ਮਾਰਤੀ ਇਉਂ ਰੋਨੀ ਐਂ। ਇਹ ਨਹੀਂ ਦੇਖਣਾ ਬਈ ਅਗਲਾ ਬਿਮਾਰ ਐ, ਬਦਸ਼ਗਣੀ ਜੀ ਉਤੋਂ ਰੋਂਦੀ ਐ। ਮੈਂ ਪੁਛਨਾ ਤੈਨੂੰ ਹੋਇਆ ਕੀ ਐ? ਜੇ ਇਉਂ ਈ ਮੈਨੂੰ ਪਰੇਸ਼ਾਨ ਕਰਨੈ ਤਾਂ ਬੇਸ਼ਕ ਆਪਣੇ ਮਾਂ ਬਾਪ ਕੋਲ ਚਲੀ ਜਾ।" ਭਗੀਰਥ ਕੌੜਾ ਹੋ ਕੇ ਆਖ ਰਿਹਾ ਸੀ। ਊਸ਼ਾ ਨੇ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝੀਆਂ ਤੇ ਆਪਣੇ ਆਪ ਨੂੰ ਸੰਭਾਲਿਆ। ਘੜੀ 'ਤੇ ਟਾਈਮ ਦੇਖਿਆ ਤੇ ਉਠ ਕੇ ਭਗੀਰਥ ਦੀ ਦਵਾਈ ਸ਼ੀਸ਼ੇ ਦੇ ਗਲਾਸ ਵਿਚ ਪਾ ਲਿਆਈ। "ਤੂੰ ਮੈਨੂੰ ਪਰੇਸ਼ਾਨ ਨਾ ਕਰਿਆ ਕਰ। ਕਈ ਵਾਰੀ ਬਿਮਾਰ ਬੰਦੇ ਨੂੰ ਦੂਜੇ ਹਸਦੇ ਵੀ ਨੀ ਚੰਗੇ ਲਗਦੇ," ਆਖ ਕੇ ਭਗੀਰਥ ਨੇ ਉਸ ਤੋਂ ਫੜ ਕੇ ਦਵਾਈ ਪੀ ਲਈ। (18-19)

ਸਵਾਲ ਏਥੇ ਨਿਰੀ ਸਰੀਰ ਦੀ ਸੇਵਾ ਦਾ ਹੀ ਨਹੀਂ। ਮਸਲਾ ਸਰੀਰ ਦੀ ਸੇਵਾ ਨਾਲੋਂ ਬਹੁਤ ਡੂੰਘਾ ਹੈ। ਭਗੀਰਥ ਦਾ ਮਨੋਰਥ, ਉਸ ਦੀ ਊਸ਼ਾ ਕੋਲੋਂ ਮੰਗ ਇਹ ਹੈ ਕਿ ਊਸ਼ਾ ਦੇ ਮਨ ਦਾ ਮੂਡ ਵੀ ਭਗੀਰਥ ਦੇ ਮਨ ਦੇ ਮੂਡ ਨਾਲ ਸਤੀ ਹੋਵੇ। ਊਸ਼ਾ ਵਿਚ ਉਸ ਦਾ ਆਪਣਾ ਆਪ, ਉਸ ਦੀ ਜ਼ਿੰਦਗੀ ਦਾ ਆਪਣਾ ਆਪ ਕੁਝ ਰਹੇ ਹੀ ਨਾ। ਮਾਸਟਰ ਮਦਨ ਲਾਲ ਦੀ ਧੀ, ਊਸ਼ਾ ਦੀ ਰੂਹ ਵਿਚ, ਉਸ ਦੇ ਰੋਮ ਰੋਮ ਵਿਚ ਕਵਿਤਾ ਸੀ। ਚਲੋ, ਉਸ ਦੀ ਰੂਹ ਦੀ ਕਵਿਤਾ ਦੀ ਗਲ ਵੀ ਛਡੋ। ਹੋਰ ਹਰ ਮੁਟਿਆਰ ਹੋਈ ਕੁੜੀ ਵਾਂਗ ਉਸ ਦੀ ਆਪਣੀ ਹੋਂਦ ਸੀ, ਆਪਣੀ ਸ਼ਖਸੀਅਤ ਸੀ, ਉਸ ਦੀਆਂ ਮਨੁਖੀ ਮੰਗਾਂ ਸਨ, ਉਸ ਦੀ ਵਿਲੱਖਣ ਰੂਹ ਸੀ, ਉਸ ਦੀਆਂ ਕੁਦਰਤੀ ਸੱਧਰਾਂ ਸਨ। ਭਗੀਰਥ ਨੂੰ ਜਿਵੇਂ ਅਚੇਤ ਹੀ ਪਤਾ ਸੀ ਕਿ ਜਿੰਨਾ ਚਿਰ ਨਿੰਬੂ ਦੇ ਨਿਚੋੜਨ ਵਾਂਗ ਉਹ ਊਸ਼ਾ ਵਿਚੋਂ ਉਸ ਦੇ ਸਭ ਕੁਝ ਨੂੰ ਨਿਚੋੜ ਨਹੀਂ ਦੇਂਦਾ, ਊਸ਼ਾ ਉਸ ਦੀ ਵਰਤੋਂ ਦੀ ਵਸਤੂ ਨਹੀਂ ਬਣੇਗੀ। ਭਗੀਰਥ ਨੂੰ ਊਸ਼ਾ ਬਤੌਰ ਇਨਸਾਨ ਨਹੀਂ ਪੁਗਦੀ। ਉਸ ਨੂੰ ਤਾਂ ਊਸ਼ਾ ਨਿਰੀ ਵਸਤੂ ਬਣੀ ਹੀ ਲੋੜੀਦੀ ਹੈ। ਸੋ ਭਗੀਰਥ ਊਸ਼ਾ ਦੇ ਮਨ ਦੀ ਮਰਜ਼ੀ ਨੂੰ, ਉਸ ਦੀਆਂ ਮਨੁਖੀ ਸੱਧਰਾਂ, ਖਾਹਸ਼ਾਂ ਨੂੰ ਜੜ੍ਹੋਂ ਲੈਂਦਾ ਹੈ, ਉਹਨਾਂ ਨੂੰ ਮਿਧ ਮਧੋਲ ਕੇ, ਉਹਨਾਂ ਦਾ ਸੰਘ ਘੁਟ ਕੇ ਉਹਨਾਂ ਦਾ ਧੁਰੋਂ ਸਿਰੋਂ ਫਸਤਾ ਹੀ ਵੱਢਦਾ ਹੈ। ਉਸ ਨੂੰ ਆਪਣੀ ਵਰਤੋਂ ਦੀ ਵਸਤੂ ਬਣਾ ਬਸ ਕਰਦਾ ਹੈ। ਇਕ ਵੇਰ ਉਸ ਨੂੰ

ਉਡਦਾ ਉਡਦਾ ਖਿਆਲ ਤਾਂ ਆਉਂਦਾ ਹੈ "ਕਪੜੇ ਬਦਲ ਕੇ ਜਦੋਂ ਊਸ਼ਾ ਬਾਹਰ ਆਈ ਤਾਂ ਭਗੀਰਥ ਨੂੰ ਉਸ 'ਤੇ ਜਿਵੇਂ ਤਰਸ ਆਇਆ ਕਿ ਮੈਂ ਕਿਉਂ ਆਖਦਾ ਰਹਿਨਾ ਇਹ ਕਰ, ਉਹ ਨਾ ਕਰ, ਇਸ ਨੂੰ, ਫੁਲ ਵਰਗੀ ਲੜਕੀ ਨੂੰ ਆਪਣੀ ਮਰਜ਼ੀ ਨਾਲ ਕਿਉਂ ਨਹੀਂ ਜੀਉਣ ਦਿੰਦਾ।" (33) ਪਰ ਇਹ ਖਿਆਲ ਉਡਦਾ ਉਡਦਾ ਆਇਆ, ਉਡਦਾ ਉਡਦਾ ਤੁਰ ਗਿਆ। ਇਹ ਖਿਆਲ ਉਸ ਦੇ ਅੰਦਰ ਘਰ ਕਰ ਕੇ ਥੋਹੜਾ ਬਹਿ ਸਕਦਾ ਸੀ। ਹਵਾ ਦੇ ਬੁਲ੍ਹੇ ਵਾਂਗ ਆਇਆ, ਹਵਾ ਦੇ ਬੁਲ੍ਹੇ ਵਾਂਗ ਤੁਰ ਗਿਆ। ਭਗੀਰਥ ਦਾ ਊਸ਼ਾ ਨਾਲ ਵਰਤਾਰਾ ਕੋਈ ਦਿਨ ਦਿਹਾਰ ਦੀ ਗਲ ਨਹੀਂ ਸੀ, ਕਦੇ ਕਦਾਈਂ ਦੀ ਗਲ ਨਹੀਂ ਸੀ, ਨਿੱਤ ਦਾ ਵਿਹਾਰ ਸੀ। ਉਸ ਨੇ ਆਪਣੀ ਲੀਹੇ ਹੀ ਤੁਰਦੇ ਜਾਣਾ ਸੀ। ਸੋ ਤੁਰਦਾ ਗਿਆ। ਊਸ਼ਾ ਦੀ ਮਨੁਖੀ ਹੋਂਦ 'ਤੇ ਪਰਲ੍ਹ ਫੇਰਦਾ ਗਿਆ। ਡੇਢ ਵਜੇ ਭਗੀਰਥ ਜਦੋਂ ਖਾਣਾ ਖਾਣ ਲਈ ਆਇਆ ਤਾਂ ਉਸ ਨੂੰ ਬੇਧਿਆਨੇ ਅਖਬਾਰ ਪੜ੍ਹਦੀ ਨੂੰ ਵੇਖ ਕੇ ਆਖਣ ਲੱਗਿਆ, "ਮੇਮ ਸਾਬ ਹੁਣ ਪੜ੍ਹੀਆਂ ਲਿਖੀਆਂ ਔਰਤਾਂ ਦੀ ਰੀਸ ਕਰਨ ਲੱਗ ਪਏ। ਬਈ ਕੰਮ ਕਾਜ ਸਾਰੇ ਛਡ ਕੇ ਅਖਬਾਰ ਫੜ ਕੇ ਬੈਠ ਜਾਓ ?" (28) ਊਸ਼ਾ ਤ੍ਰਬਕੀ ਜਿਵੇਂ ਕੋਈ ਬਹੁਤ ਵੱਡਾ ਗੁਨਾਹ ਕਰਦੀ ਫੜੀ ਗਈ ਹੋਵੇ। "ਭਗੀਰਥ ਦੀ ਆਵਾਜ਼ ਨਾਲ ਊਸ਼ਾ ਚੌਂਕੀ, ਮੈਂ, ਮੈਂ ਅਖਬਾਰ ਨਹੀਂ ਸੀ ਪੜ੍ਹ ਰਹੀ...ਹਾਂ ਅਖਬਾਰ ਹੀ ਪੜ੍ਹ ਰਹੀ ਸੀ", ਉਸ ਨੇ ਕਾਹਲੀ ਵਿਚ ਆਖਿਆ। (28)

ਭਗੀਰਥ ਨੇ ਕਿਸ ਹੱਦ ਤਕ ਊਸ਼ਾ ਦਾ ਤਰਾਹ ਕੱਢ ਛਡਿਆ ਹੋਇਆ ਹੈ ਉਹ ਸਪਸ਼ਟ ਹੈ। ਜਿਵੇਂ ਭਗੀਰਥ ਦੀ ਮਰਜ਼ੀ ਬਗ਼ੈਰ ਊਸ਼ਾ ਦਾ ਸਾਹ ਲੈਣਾ ਵੀ ਮਾਰੂ ਗੁਨਾਹ ਹੋਵੇ। ਤੇ ਲੋਹੜੇ ਦੀ ਗਲ ਇਹ ਹੈ ਜਿਵੇਂ ਭਗੀਰਥ ਨੇ ਊਸ਼ਾ ਦੇ ਮਨ ਨੂੰ ਐਨਾ ਭੰਨ ਸੁਟਿਆ ਹੋਇਆ ਹੈ ਕਿ ਜਿਵੇਂ ਉਹ ਆਪ ਵੀ, ਉਸ ਦਾ ਅੰਦਰਲਾ ਵੀ ਮੰਨਣ ਲਗ ਪਿਆ ਹੈ ਕਿ ਭਗੀਰਥ ਠੀਕ ਹੀ ਕਹਿੰਦਾ, ਠੀਕ ਹੀ ਕਰਦਾ ਹੈ। ਭਗੀਰਥ ਨੇ ਊਸ਼ਾ ਦੇ ਮਨ ਦੀਆਂ ਸਭ ਟਿਭਰੀਆਂ ਹੀ ਢਿੱਲੀਆਂ ਕਰਨੀਆਂ ਸਨ। "ਊਸ਼ਾ ਅਜੇ ਐਸ ਪੂਰਨਮਾਸ਼ੀ ਦਾ ਵਿਆਹ ਐ ? ਮੈਨੂੰ ਤਾਂ ਲਗਦੈ ਜਿਵੇਂ ਸਦੀਆਂ ਈ ਹੋਗੀਆਂ ਮੈਨੂੰ ਪਿੰਡੋਂ ਆਈ ਨੂੰ, ਜਿਵੇਂ ਪਿੰਡ ਪਤਾ ਨੀ ਕਿਡਾ ਕੁ ਗਹਾਂ ਲੰਘ ਗਿਆ ਹੋਉ, ਲੋਕ ਜਿਵੇ ਪਤਾ ਨੀ ਕਿਥੇ ਚਲੇ ਗਏ ਹੋਣਗੇ ਤੇ ਕਦੇ ਕਦੇ ਤਾਂ ਮੈਨੂੰ ਲਗਦਾ ਹੁੰਦੈ ਜਿਮੇਂ ਮੈਂ ਹਮੇਸ਼ਾਂ ਹਮੇਸ਼ਾਂ ਤੋਂ ਇਥੇ ਈ ਇਉਂ ਈ ਰਹਿ ਰਹੀ ਆਂ। ਜਿਵੇਂ ਮੈਂ ਆਪਣੀ ਓ ਦਾਦੀ ਹੋਵਾਂ ?" ਊਸ਼ਾ ਇਉਂ ਗਲਾਂ ਕਰ ਰਹੀ ਸੀ ਜਿਵੇਂ ਬਰੜਾ ਰਹੀ ਹੋਵੇ (21) "ਅਗਲੀ ਸਵੇਰ ਜਦੋਂ ਉਹ ਜਾਗੀ ਸੀ ਤਾਂ ਉਸ ਨੂੰ ਲੱਗਿਆ ਰਾਤ ਤੁਰਦੀ ਤੁਰਦੀ ਉਹ ਕਈ ਵਰ੍ਹੇ ਲੰਘ ਆਈ ਸੀ। ਸ਼ਾਇਦ ਇਸੇ ਲਈ ਵਾਲ ਵਾਂਹਦਿਆਂ ਉਸ ਨੇ ਸ਼ੀਸ਼ੇ ਵਿਚ ਦੇਖਿਆ। ਉਸ ਦੀ ਚੀਰ ਵਿਚ ਇਕ ਚਿੱਟਾ ਵਾਲ ਦਿਸ ਰਿਹਾ ਸੀ। ਫਿਰ ਉਸ ਨੂੰ ਯਾਦ ਆਇਆ, ਭਗੀਰਥ ਨੇ ਜਿਸ ਦਿਨ ਦਾ ਉਹਨੂੰ ਹੱਸਦੀ ਨੂੰ ਟੋਕਿਆ ਸੀ ਉਹ ਜਿਵੇਂ ਹਸਣਾ ਹੀ ਭੁੱਲ ਗਈ ਸੀ। ਸ਼ੀਸ਼ੇ ਮੂਹਰੇ ਬੈਠੀ ਨੇ ਉਸ ਨੇ ਹੱਸਣ ਦੀ ਕੋਸ਼ਿਸ਼ ਕੀਤੀ, ਸਚਮੁਚ ਹੀ ਉਹ ਤੇ ਹੱਸਣਾ ਭੁਲ ਗਈ ਸੀ।" (26) ਊਸ਼ਾ ਨੂੰ ਲਗਿਆ "ਮਾਂ ਕਿਉਂ ਬੋਲੀ ਜਾ ਰਹੀ ਐ ? "ਹਏ ਹਏ ਤੇਰੇ ਵਾਲਾਂ ਨੂੰ ਕੀ ਹੋ ਗਿਆ ? ਤੇਰੀ ਤਾਂ ਗੁੱਤ ਮਾਰ ਸੰਭਾਲੀ ਨੀ ਸੀ ਜਾਂਦੀ ਹੁੰਦੀ ?" "ਸਿਰ ਦੁਖਦਾ ਰਹਿੰਦੈ" ਊਸ਼ਾ ਨੇ ਆਖਿਆ। "ਸਿਰ ਕਾਹਤੋਂ ਦੁਖਦਾ ਰਹਿੰਦੈ ?" "ਊਸ਼ਾ ਰਾਤ ਨੂੰ ਖਾਣ ਲਈ ਕੀ ਬਣਾਵਾਂ ?" ਆਖ ਕੇ ਮਾਂ ਨੇ ਜਿਵੇਂ ਯਾਦ ਕਰਵਾਇਆ ਕਿ ਅੱਗੇ ਹਮੇਸ਼ਾਂ ਕੁਝ ਨਾ ਕੁਝ, ਕਦੇ ਮੇਥਿਆਂ ਵਾਲੀਆਂ ਰੋਟੀਆਂ, ਕਦੇ ਸਾਗ, ਕਦੇ ਰੈਤਾ, ਕਦੇ ਭੜਥਾ ਉਹ ਆਖ ਕੇ ਬਣਵਾਉਂਦੀ ਹੁੰਦੀ ਸੀ। ਤੇ ਅੱਜ ਵੀ ਮਾਂ ਉਹਦੇ ਪਸੰਦ ਦਾ ਹੀ ਕੁਝ ਬਣਾਉਣਾ



ਚਾਹੁੰਦੀ ਸੀ। "ਜੋ ਮਰਜ਼ੀ ਬਣਾ ਲਉ" ਊਸ਼ਾ ਨੇ ਜਦੋਂ ਆਖਿਆ ਮਾਂ ਦਾ ਜਿਵੇਂ ਕਾਲਜਾ ਧੱਮਕ ਦੇ ਕੇ ਹੇਠਾਂ ਨੂੰ ਗਿਆ। "ਇਹ ਰਾਜ਼ੀ ਤਾਂ ਐ ?" ਉਹਨੇ ਜਿਵੇਂ ਆਪਣੇ ਆਪ ਕੋਲੋਂ ਪੁਛਿਆ। ...ਊਸ਼ਾ ਫਿਰ ਵੀ ਚੁੱਪ ਬੈਠੀ ਸੀ। ਨਾਲ ਲਿਆਂਦਾ ਸਵੈਟਰ ਬੁਣ ਰਹੀ ਸੀ। ਪਰ ਮਾਂ ਨੂੰ ਪਤਾ ਸੀ ਉਹ ਮਨ 'ਚ ਪਤਾ ਨੀ—ਕੀ ਉਧੇੜ ਬੁਣ ਕਰ ਰਹੀ ਐ ਕਿ ਉਸ ਦੀ ਕਿਸੇ ਗੱਲ ਦਾ ਵੀ ਹੁੰਗਾਰਾ ਨਹੀਂ ਸੀ ਦੇ ਰਹੀ।" (40-41)

ਜਿਸ ਪਟੜੀਏ ਭਗੀਰਥ ਨੇ ਊਸ਼ਾ ਨੂੰ ਚੜ੍ਹਾਇਆ ਸੀ ਉਥੇ ਊਸ਼ਾ ਦਾ ਜੀਉਣ ਦਾ ਚਾਅ ਜਾਨੋਂ ਬਚ ਕਿਵੇਂ ਸਕਦਾ ਸੀ ? ਊਸਾ ਦੇ ਜੀਉਣ ਦਾ ਚਾਅ ਤੇ ਉਸ ਦੀ ਵਸਤੂ ਬਣ ਕੇ ਭਗੀਰਥ ਅੱਗੇ ਵਗਣਾ ਇਕੋ ਥਾਂ ਵੱਸ ਕਿਵੇਂ ਸਕਦੇ ਸੀ ? ਭਗੀਰਥ ਦੀ ਵਰਤੋਂ ਦੀ ਵਸਤੂ ਬਣੀ ਊਸ਼ਾ ਮਾਨਸਕ ਤੌਰ 'ਤੇ ਨਿਰੋਈ, ਜੀਉਂਦੀ ਕਿਵੇਂ ਰਹਿ ਸਕਦੀ ਸੀ। "ਮੈਨੂੰ ਕੁਸ਼ ਨੀ ਹੋਇਆ।" ਊਸ਼ਾ ਨੇ ਜਦੋਂ ਆਖਿਆ ਮਾਂ ਨੂੰ ਲੱਗਿਆ ਖਬਰੇ ਇਹਨੂੰ ਕੀ ਹੋ ਗਿਆ (41) "ਨੰਗੇ ਪੈਰੀਂ ਜਾਣ ਨਾਲ ਕੀ ਹੋਜੂ" ਊਸ਼ਾ ਨੇ ਖਿਝ ਕੇ ਆਖਿਆ। "ਚੰਗਾ-ਚੰਗਾ ਤੇਰੀ ਮਰਜ਼ੀ ਐ" ਆਖ ਮਾਸਟਰ ਮਦਨ ਲਾਲ ਕੁਝ ਚਿਰ ਖੋਇਆ-ਖੋਇਆ ਜਿਹਾ ਉਹਦੇ ਨਾਲ ਤੁਰਦਾ ਰਿਹਾ। ਫਿਰ ਆਖਣ ਲੱਗਿਆ, "ਕੰਮ ਧੰਧੇ ਨੂੰ ਤਾਂ ਓਥੇ ਨੌਕਰ ਐ, ਤੂੰ ਕੁਸ਼ ਪੜ੍ਹ ਲਿਖ ਲਿਆ ਕਰ, ਲੜਕੀਆਂ ਤਾਂ ਸਾਰੇ ਇਮਤਹਾਨ ਈ ਪਰਾਈਵੇਟਲੀ ਦੇ ਸਕਦੀਆਂ ਨੇ।" "ਇਮਤਹਾਨ ਦੇ ਕੇ ਕਿਹੜੀ ਮੈਂ ਨੌਕਰੀ ਕਰਨੀ ਐ। ਉਂਜ ਨਾਵਲ ਨੁਵਲ ਪੜ੍ਹ ਲੈਨੀ ਹੁੰਨੀ ਆਂ। ਜਦੋਂ ਉਹ ਦਫਤਰ ਗਏ ਹੁੰਦੇ ਨੇ ਚੋਰੀਓਂ।" "ਚੋਰੀਓਂ ਕਿਉਂ ?" "ਉਹਨਾਂ ਨੂੰ ਚੰਗਾ ਨਹੀਂ ਲਗਦਾ।"..."ਪਾਪਾ ਬਸ ਮੈਨੂੰ ਬੁਲਾਓ ਨਾ" ਊਸ਼ਾ ਨੇ ਜਿਵੇਂ ਨਰਾਜ਼ ਹੋ ਕੇ ਆਖਿਆ। ਚੁਪਚਾਪ ਊਸ਼ਾ ਦੇ ਨਾਲ ਤੁਰਦਾ ਮਾਸਟਰ ਮਦਨ ਲਾਲ ਸੋਚ ਰਿਹਾ ਸੀ ਊਸ਼ਾ ਨੂੰ ਕੀ ਹੋ ਗਿਆ ? ਇਹਦਾ ਚਿੱਤ ਤਾਂ ਰਾਜ਼ੀ ਐ ? (45) ਮਾਂ ਅੱਗੋਂ ਚੁਪ ਕਰ ਗਈ। ਊਸ਼ਾ ਨਾਲ ਉਹ ਕਿੰਨੀਆਂ ਸਾਰੀਆਂ ਗੱਲਾਂ ਕਰਨੀਆਂ ਚਾਹੁੰਦੀ ਸੀ, ਕਿੰਨਾ ਹੀ ਕੁਝ ਪੁਛਣਾ ਚਾਹੁੰਦੀ ਸੀ ਪਰ ਊਸ਼ਾ ਨੂੰ ਪਤਾ ਨਹੀਂ ਕੀ ਹੋ ਗਿਆ ਸੀ, ਚੱਜ ਨਾਲ ਕੋਈ ਗੱਲ ਹੀ ਨਹੀਂ ਸੀ ਕਰਦੀ। ਏਡੇ ਚੰਗੇ ਸੁਭਾ ਦੀ ਹੁੰਦੀ ਸੀ, ਵਿਆਹ ਤੋਂ ਮਗਰੋਂ ਖਬਰ ਨੀ ਕੀ ਹੋ ਗਿਆ ਸੀ...ਊਸ਼ਾ ਦਾ ਆਖਣ ਨੂੰ ਮਨ ਕੀਤਾ, "ਉਹਨਾਂ ਨੂੰ ਕੀ ਫਰਕ ਪੈਂਦਾ ਇਨ੍ਹਾਂ ਗੱਲਾਂ ਨਾਲ, ਇਨ੍ਹਾਂ ਗੱਲਾਂ ਨਾਲ ਤਾਂ ਕੀ ਉਨ੍ਹਾਂ ਨੂੰ ਤਾਂ ਕਾਸੇ ਨਾਲ ਵੀ ਫਰਕ ਨੀ ਪੈਂਦਾ, ਮੇਰੇ ਹੋਣ ਜਾਂ ਨਾ ਹੋਣ ਨਾਲ ਵੀ ਨਹੀਂ, ਕੰਮ ਕਾਰ ਤਾਂ ਸਭ ਸ਼ਿਬੂ ਕਰਈ ਦਿੰਦੈ।" ਪਰ ਉਸ ਨੇ ਕੁਝ ਨਾ ਆਖਿਆ (47-48)।

'ਬੈਠੀ ਬੈਠੀ ਤਾਈ ਨਿਹਾਲੀ ਮਰਗੀ'। ਊਸ਼ਾ ਉਸ ਦੇ ਮਰਨ 'ਤੇ ਆਪਣੀ ਮਾਂ ਤੋਂ ਬਜ਼ਿਦ ਹੋ ਕੇ ਗਈ। ਤੇ ਉਥੇ ਊਸ਼ਾ ਦਾ ਮਨ ਫੁਟ ਨਿਕਲਿਆ। 'ਜਦੋਂ ਮੁੜ ਉਹਦਾ ਮੂੰਹ ਢਕ ਦਿਤਾ ਘਰਦਿਆਂ ਦੇ ਚੀਕ ਚਿਹਾੜੇ ਵਿਚ ਇਕ ਲੇਰ ਮਾਂ ਨੇ ਸੁਣੀ, ਇਹ ਊਸ਼ਾ ਦੀ ਸੀ। ਤੇ ਫਿਰ ਉਹ ਇਉਂ ਚੀਕਾਂ ਮਾਰ ਮਾਰ ਕੇ ਰੋਣ ਲੱਗੀ ਕਿ ਇਕ ਵਾਰੀ ਤਾਂ ਤਾਈ ਨਿਹਾਲੀ ਦੀ ਨੂੰਹ ਰੋਣਾ ਭੁਲ ਹੈਰਾਨ ਹੋ ਕੇ ਉਹਦੇ ਵਲ ਝਾਕਣ ਲੱਗੀ। ਮਾਂ ਅਹੁਲ ਕੇ ਉਹਦੇ ਵਲ ਆਈ। ਬੁਕਲ 'ਚ ਲੈ ਕੇ ਚੁਪ ਕਰਾਉਣ ਲੱਗੀ। ਪਰ ਊਸ਼ਾ ਦਾ ਰੋਣਾ ਜਿਵੇਂ ਉਸ ਦੇ ਆਪਣੇ ਵੱਸ ਵਿਚ ਹੀ ਨਹੀਂ ਸੀ ਰਹਿ ਗਿਆ। ਜਿਵੇਂ ਕਿਧਰੇ ਕੋਈ ਕੜ ਪਾਟ ਗਿਆ ਸੀ। ਰੋਂਦੀ ਰੋਂਦੀ ਨੂੰ ਉਹਨੂੰ ਦੰਦਲ ਪੈ ਗਈ। ਤਾਈ ਨਿਹਾਲੀ ਨੂੰ ਭੁਲ ਕੇ ਲੋਕ ਉਹਦੇ ਦਿਵਾਲੇ ਇਕੱਠੇ ਹੋ ਗਏ। ਚਮਚੇ ਨਾਲ ਉਹਦੀ ਦੰਦਲ ਭੰਨੀ ਤੇ ਮੂੰਹ ਵਿਚ ਪਾਣੀ ਪਾਇਆ।...ਮਾੜੀ ਜੀ ਸੁਰਤ ਆਉਣ 'ਤੇ ਉਹ ਉਠ ਕੇ

ਬੈਠ ਗਈ। ਪਾਣੀ ਪੀਤਾ। ਮਾਂ ਨ੍ਹਾਮੋ ਝੀਉਰੀ ਦੇ ਨਾਲ ਊਸ਼ਾ ਨੂੰ ਫੜੀ ਜਦੋਂ ਘਰ ਨੂੰ ਲਈ ਆ ਰਹੀ ਸੀ ਤਾਂ ਉਹ ਪੀਲੀ ਫਟਕ ਹੋਈ ਪਈ ਸੀ ਤੇ ਅਜੇ ਵੀ ਰੋਈ ਜਾ ਰਹੀ ਸੀ। ਮਾਂ ਦੇ ਅੰਦਰਲੇ ਨੇ ਉਹਨੂੰ ਦੱਸਿਆ ਊਸ਼ਾ ਤਾਂ ਬਿਮਾਰ ਐ। ਬਹੁਤ ਬਿਮਾਰ ਤੇ ਉਹ ਬਹੁਤ ਚਿੰਤਾਤੁਰ ਹੋ ਗਈ।' ਊਸ਼ਾ ਨੇ ਰਾਤ ਸੌਣਾ ਕੀ ਸੀ ? ਹਰ ਰਾਤ ਉਹ ਹਨੇਰੇ ਵਿਚ ਬਿਟ ਬਿਟ ਝਾਕ ਰਹੀ ਹੁੰਦੀ। "ਊਸ਼ਾ ਤੇਰਾ ਕੀ ਦੁਖਦੈ ?" ਇਕ ਵਾਰ ਉਹਦੇ 'ਤੇ ਕਪੜਾ ਸੁਆਰ ਕੇ ਦਿੰਦਿਆਂ ਮਾਂ ਨੇ ਪੁਛਿਆ। 'ਕੁਝ ਨਹੀਂ' ਊਸ਼ਾ ਨੇ ਆਖਿਆ। ਪਰ ਮਾਂ ਦੀ ਇਸ ਨਾਲ ਤਸੱਲੀ ਨਹੀਂ। ਉਹ ਉਹਦੇ ਕੋਲ ਈ ਬਿਸਤਰੇ ਉਪਰ ਬੈਠ ਗਈ। ਕੁਝ ਪਲ ਚੁਪ ਕੀਤੀ ਬੈਠੀ ਰਹੀ। ਫਿਰ ਉਸ ਨੇ ਜਿਵੇਂ ਸਿੱਧਾ ਸਵਾਲ ਕੀਤਾ, "ਊਸ਼ਾ ਮੈਂ ਤੇਰੀ ਮਾਂ ਆਂ, ਤੂੰ ਸੱਚ ਸੱਚ ਦੱਸ ਓਥੇ ਤੈਨੂੰ ਕੋਈ ਔਖ ਤਾਂ ਨਹੀਂ ?" "ਨਹੀਂ ਕੋਈ ਔਖ ਨਹੀਂ," ਊਸ਼ਾ ਨੇ ਫਿਰ ਸੰਖੇਪ ਜਿਹਾ ਉੱਤਰ ਦਿਤਾ। "ਮੈਂ ਤਾਂ ਵਿਆਹ ਵੇਲੇ ਵੀ ਤੇਰੇ ਪਾਪਾ ਨੂੰ ਆਖਿਆ ਸੀ ਆਪਾਂ ਨੀ ਏਡੇ ਘਰ ਨਾਲ ਮੱਥਾ ਲਾਉਣ ਜੋਗੇ, ਆਪਾਂ ਕਿਸੇ ਆਪਣੇ ਮੇਲ ਦੇ ਘਰ ਦਿਆਂਗੇ, ਜਿਥੇ ਅਗਲਿਆਂ ਨੂੰ ਧੀ ਪੁੱਤ ਦੀ ਕਦਰ ਵੀ ਹੋਵੇ, ਪਰ ਉਹ ਆਖਣ ਲੱਗੇ ਆਪਣੀ ਊਸ਼ਾ ਕਿਸੇ ਬੜੇ ਘਰ ਜਾਣ ਜੋਗੀਓ ਐ। ਤੇ ਆਪ ਰਿਸ਼ਤਾ ਮੰਗਦੇ ਨੇ। ਪਰ ਮੈਨੂੰ ਲਗਦੈ ਤੂੰ ਕਿਸੇ ਗੱਲੋਂ...।" "ਮਾਂ ਤੂੰ ਸੌਂ ਜਾ ਮੇਰਾ ਬੋਲਣ ਨੂੰ ਜੀ ਨੀ ਕਰਦਾ।" ਊਸ਼ਾ ਨੇ ਜਦੋਂ ਆਖਿਆ, ਮਾਂ ਨਿਮੋਝੂਣੀ ਜਿਹੀ ਹੋ ਕੇ ਆਪਣੇ ਮੰਜੇ 'ਤੇ ਆ ਪਈ ਤੇ ਕਿੰਨਾ ਹੀ ਚਿਰ, ਜਦੋਂ ਤੀਕ ਥੱਕ ਕੇ ਉਹਨੂੰ ਨੀਂਦ ਨਾ ਆ ਗਈ, ਮਨ ਡੋਬੂ ਸੋਕੂ ਹੁੰਦਾ ਰਿਹਾ। (49-50) ਤਾਈ ਨਿਹਾਲੀ ਦਾ ਮਰਨਾ ਤਾ ਐਵੇਂ ਮੌਕਾ ਸੀ, ਐਵੇਂ ਜਿਵੇਂ ਬਹਾਨਾ ਬਣ ਗਿਆ। ਊਸ਼ਾ ਤਾਈ ਨਿਹਾਲੀ ਦੀ ਮੌਤ 'ਤੇ ਨਹੀਂ ਸੀ ਰੋਈ। ਫੁਟ ਫੁਟ ਕੇ, ਲੇਰਾਂ ਮਾਰ ਮਾਰ ਕੇ ਰੋਈ ਤਾਂ ਅਚੇਤ ਹੀ ਊਸ਼ਾ ਸੀ ਜੀਉਂਦੇ ਜੀ, ਸਾਹਾਂ ਦੇ ਅਜੇ ਆਉਂਦਿਆਂ ਆਪਣੀ ਹੋ ਗਈ ਮੌਤ 'ਤੇ— ਜੀਉਂਦੇ ਸਰੀਰ ਵਿਚੋਂ, ਅੰਦਰੋਂ ਆਪਣੀ ਜਿੰਦੜੀ ਦੇ ਮਰ ਜਾਣ 'ਤੇ। ਕੜ ਤਾਂ ਟੁਟ ਗਿਆ ਸੀ ਉਸ ਦੇ ਆਪਣੇ ਭਰੇ ਹੋਏ ਮਨ ਦਾ। ਫਿਸਿਆ ਤਾਂ ਉਸ ਦਾ ਆਪਣਾ ਅਚੇਤ ਸੀ। ਤੇ ਉਸ ਦੀ ਮਾਂ, ਜਿਸ ਦੀ ਉਹ ਅੰਦਰ ਸੀ, ਠੀਕ ਹੀ ਸਮਝੀ ਸੀ, ਕਿ ਊਸ਼ਾ ਆਪਣੀ ਜ਼ਿੰਦਗੀ ਦਾ ਰੋਣਾ ਰੋਈ ਐ। "ਪਾਪਾ ਕਲ ਮੈਨੂੰ ਛਡ ਆਉਣਾ"..."ਮੇਰਾ ਏਥੇ ਵੀ ਜੀ ਨਹੀਂ ਲਗਦਾ"...( 0) ਅੰਦਰ ਜੀ ਹੁੰਦਾ ਤਾਂ ਲਗਦਾ। ਜੀ ਤਾਂ ਵੱਢ ਟੁਕ ਕੇ ਖੁਰਦ ਬੁਰਦ ਕੀਤਾ ਜਾ ਚੁਕਾ ਸੀ।

ਭਗੀਰਥ ਪੁਠੀਆਂ ਸਿੱਧੀਆਂ ਮਾਰੀ ਹੀ ਜਾਂਦਾ ਏ। ਹਟਦਾ ਹੀ ਨਹੀਂ। ਆਪਣੀ ਫਿਲਾਸਫੀ ਛਾਂਟਦਾ ਛਾਂਟਦਾ ਵੀ ਕਾਰੀ ਜ਼ਖਮ ਲਾ ਜਾਂਦਾ ਏ। "—ਇਹ ਸਾਰੇ ਲੋਕ ਕਾਹਦੇ ਲਈ ਜੀਉਂਈ ਜਾਂਦੇ ਨੇ...ਮੈਂ ਕਾਹਦੇ ਲਈ...ਏਨੇ ਸੂਏ ਲਗਵਾ ਲਗਵਾ ਜੀਉਣ ਦੀ ਕੋਸ਼ਿਸ਼ ਕਰਨਾ ਰਹਿਨਾਂ ? ਤੂੰ ਹੀ ਦੱਸ ਭਲਾ ਕੋਈ ਹੈ ਸੈਂਸ ਇਸ ਵਿਚ ?" "ਇਹੋ ਜੀਆਂ ਗੱਲਾਂ ਕਰ ਕਰ ਤੁਸੀਂ ਮੇਰਾ ਵੀ ਦਿਮਾਗ ਖਰਾਬ ਕਰ ਦਿਤੈ। ਫੁਲ ਦਾ ਖਿੜਨਾ ਈ ਉਹਦਾ ਧਰਮ ਐ ਜਾਂ ਆਖ ਲਓ ਕਰਮ ਐ। ਬਾਕੀ ਉਹਦਾ ਕੀ ਮਤਲਬ ਐ ਵਿਹ ਸਿਰਜਣ ਵਾਲਾ ਜਾਣੇ" ਆਖ ਊਸ਼ਾ ਨੇ ਜਿਵੇਂ ਉਲਝੇ ਸਵਾਲ ਨੂੰ ਸੁਲਝਾ ਕੇ ਰਖ ਦਿਤਾ। "ਕਿਸੇ ਨੇ ਠੀਕ ਈ ਆਖਿਐ ਊਸ਼ਾ ਕਿ ਮੂਰਖ ਲੋਕ ਸਦਾ ਸੁਖ ਸੌਂਦੇ। ਤੂੰ ਤਾਂ ਹੀ ਸੁਖੀ ਜੀਉਂ ਰਹੀ ਐਂ।" ਊਸ਼ਾ ਨੂੰ ਗ਼ੁਸਾ ਚੜ੍ਹਿਆ। ਆਖਣ ਨੂੰ ਮਨ ਕੀਤਾ ਬਿਮਾਰੀ ਦੇ ਜਰਮਜ਼ ਨੇ ਤੁਹਾਡੇ ਫੇਫੜੇ ਹੀ ਨਹੀਂ ਖਾਧੇ ਤੁਹਾਡੀ ਅਕਲ ਵੀ ਖਾ ਲਈ ਐ ਪਰ ਉਹ ਵਿਚੇ ਵਿਚ ਪੀ ਗਈ। "ਤੁਸੀਂ ਆਪਣੇ ਲਈ ਨਾ ਸਹੀ ਮੇਰੇ ਲਈ ਹੀ ਜੀਓ" ਊਸ਼ਾ ਨੇ ਜਿਵੇਂ ਜੀਉਣ ਲਈ ਉਹਨੂੰ ਬਹਾਨਾ ਦਿਤਾ। "ਜੇ ਮੈਂ ਆਪਣੇ ਲਈ ਨਹੀਂ ਜੀਉਣਾ ਚਾਹੁੰਦਾ,



ਮੈਂ ਤੇਰੇ ਲਈ ਕਿਉਂ ਜੀਆਂ ? ਤੂੰ ਮੇਰੇ ਲਈ ਏਡੀ ਇੰਪਾਰਟੈਂਟ ਕਿਵੇਂ ਐਂ ਕਿ ਮੇਰੇ ਜੀਉਣ ਦਾ ਮਕਸਦ ਬਣ ਜਾਵੇਂ ?" ਊਸ਼ਾ ਦਾ ਮਨ ਕੀਤਾ ਆਖ ਦੇਵੇ "ਜਾਓ ਦਫਾ ਹੋਵੋ ਨਾ ਜੀਓ" ਪਰ ਉਸ ਨੇ ਕੁਝ ਨਾ ਆਖਿਆ। ਸਿਰਫ ਜਿਸ ਹੱਕ ਤੇ ਜਿਸ ਮਾਣ ਨਾਲ ਉਸ ਨੇ ਆਖਿਆ ਸੀ ਤੁਸੀਂ ਆਪਣੇ ਲਈ ਨਾ ਸਹੀ ਮੇਰੇ ਲਈ ਹੀ ਜੀਓ ਉਹ ਉਸ ਨੂੰ ਆਪਣੇ ਪੱਲੇ ਵਿਚੋਂ ਭੁੰਜੇ ਰੇਤੇ ਉਪਰ ਡੁਲ੍ਹ ਗਿਆ ਪਰਤੀਤ ਹੋਇਆ। (52)

ਭਗੀਰਥ ਇਹ ਸਾਰੀਆਂ ਊਸ਼ਾ ਕੋਲੋਂ ਕੋਈ ਵੈਰ ਲੈਣ ਵਾਸਤੇ ਨਹੀਂ ਮਾਰ ਰਿਹਾ। ਉਹ ਆਪਣੀ ਜ਼ਹਿਨੀਅਤ ਤੋਂ ਮਜਬੂਰ ਹੈ। ਜ਼ਿੰਦਗੀ ਦੇ ਜਿਸ ਰਾਹੇ ਉਹ ਪਿਆ ਹੈ ਉਹ ਔਰਤਾਂ ਵਲੋਂ, ਉਹਨਾਂ ਦੀ ਈਮਾਨਦਾਰੀ ਵਲੋਂ, ਉਹਨਾਂ ਦੀ ਇਨਟੈਗਰਿਟੀ ਵਲੋਂ, ਪਿਆਰ ਵਲੋਂ ਹੀ ਸਨਕੀ ਨਹੀਂ, ਉਹ ਸਾਰੀ ਜ਼ਿੰਦਗੀ ਵਲੋਂ ਹੀ ਸਨਕੀ ਹੋਇਆ ਖੜਾ ਹੈ। ਆਪਣਾ ਬੁਘ ਬੁਘਾਟ, ਜ਼ਿੰਦਗੀ ਵਲੋਂ ਆਪਣਾ ਸਾੜਾ ਕੱਢਦਾ ਹੋਇਆ ਉਹ ਊਸ਼ਾ ਨੂੰ ਵੀ ਲੂਹੀ ਜਾਂਦਾ ਹੈ। ਦੀਵਾਲੀ ਦਾ ਦਿਨ ਦਿਹਾਰ ਹੈ, ਤੇ ਊਸ਼ਾ ਨੂੰ ਟਹਿਕਣ ਦੇਣ ਦੀ ਥਾਂ ਜਿਵੇਂ ਬੇਧਿਆਨੇ ਹੀ ਉਸ ਦੀ ਰਹਿੰਦੀ ਖੂੰਧੀ ਮਿਝ ਵੀ ਕੱਢਦਾ ਹੈ। ਜਿਵੇਂ ਊਸ਼ਾ ਸੁਖ ਦਾ ਸਾਹ ਲੈ ਕਿਉਂ ਜਾਵੇ ? ਜਿਵੇਂ ਊਸ਼ਾ ਦਾ ਮਨ ਉਸ ਦੇ ਕਿਸੇ ਲੇਖੇ ਵਿਚ ਹੀ ਨਹੀਂ ਹੁੰਦਾ। ਜਿਵੇਂ ਉਸ ਨੂੰ ਕੋਈ ਅਹਿਸਾਸ ਹੀ ਨਹੀਂ ਕਿ ਉਹ ਊਸ਼ਾ ਦੀ ਹਿੱਕ 'ਤੇ ਸੱਪ ਲਿਟਾਅ ਰਿਹਾ ਹੈ। ਔਰਤਾਂ ਦੀ ਆਮ ਬੱਦਖੋਈ ਕਰਨਾ ਉਸ ਦਾ ਨਿੱਤ ਦਾ ਵਿਹਾਰ ਐ। ਗਲ ਕਾਲੀ ਮਾਂ ਨੂੰ ਨਮਸਕਾਰ ਕਰਨ ਜਾਣ ਤੋਂ ਤੁਰੀ ਤੇ ਬਦਕਿਸਮਤੀ ਨੂੰ ਊਸ਼ਾ ਆਪਣੇ ਮਨ ਦੀ ਕਹਿ ਬੈਠੀ। "ਮੈਂ ਆਪਣੇ ਲਈ ਤਾਂ ਕੁਝ ਨੀ ਮੰਗਣ ਜਾਣਾ।" "ਜੇ ਮੇਰੇ ਲਈ ਵੀ ਕੁਝ ਮੰਗੇਂਗੀ ਉਹ ਵੀ ਤਾਂ ਆਪਣੇ ਲਈ ਹੀ ਮੰਗ ਰਹੀ ਹੋਵੇਂਗੀ।" "ਬਸ ਇਹ ਮੰਗਾਂਗੀ ਕਿ ਮੇਰੀ ਉਮਰ ਵੀ ਤੁਹਾਨੂੰ ਲੱਗ ਜੇ," ਊਸ਼ਾ ਨੇ ਉਤੇਜਨਾ ਨਾਲ ਆਖਿਆ। "ਔਰਤਾਂ ਬੜੀਆਂ ਪੋਲੇਟੀਸ਼ਨਜ਼ ਹੁੰਦੀਆਂ ਨੇ। ਤੈਨੂੰ ਪਤੈ ਇਉਂ ਕਿਸੇ ਦੀ ਉਮਰ ਕਿਸੇ ਹੋਰ ਨੂੰ ਲਗਦੀ ਨੀ ਹੁੰਦੀ ਤਦੇ ਇਹ ਆਖੀ ਜਾਨੀ ਐਂ।" "ਮੈਂ ਕਸਮ ਖਾ ਕੇ ਆਖਦੀ ਆਂ..." ਊਸ਼ਾ ਕੁਝ ਆਖਣ ਲੱਗੀ ਸੀ ਪਰ ਅੱਗੋਂ ਚੁਪ ਕਰ ਗਈ। ਤੇ ਉਹ ਊਸ਼ਾ ਨਾਲ ਆਸ਼ਾ ਦਾ ਸਾਰਾ ਕਿੱਸਾ ਖੋਲ੍ਹ ਬੈਠਾ ਜਿਵੇਂ ਇਹ ਊਸ਼ਾ ਵਾਸਤੇ ਬੜੀ ਸੁਖਦਾਈ ਗਲ ਹੋਵੇ। ਆਸ਼ਾ ਦੇ ਕੀਤੇ ਕੌਲ ਕਰਾਰਾਂ ਵਾਲੀ ਚਿੱਠੀ ਸੇਫ ਵਿਚ ਰਖੇ ਲੈਦਰ ਦੇ ਬਰੀਫ ਕੇਸ ਵਿਚੋਂ ਉਚੇਚੀ ਕੱਢ ਕੇ ਪੜ੍ਹਾਈ। ਇਕ ਇਕ ਕਰ ਕੇ ਸਭ ਤਸਵੀਰਾਂ ਊਸ਼ਾ ਨੂੰ ਵਿਖਾਈਆਂ। ਤੇ ਜਿਵੇਂ ਕੋਈ ਕਸਰ ਬਾਕੀ ਰਹਿ ਗਈ ਹੁੰਦੀ ਏ ਪੁਛਿਆ "ਕੈਸੀ ਲਗਦੀ ਐ ਇਹ ਲੜਕੀ ਤੈਨੂੰ ?" ਊਸ਼ਾ ਦਾ ਦਿਲ ਹੀ ਜਾਣਦਾ ਹੋਵੇਗਾ। ਪਰ ਉਸ ਨੂੰ ਆਖਣਾ ਪਿਆ, "ਬਹੁਤ ਸੋਹਣੀ ਲਗਦੀ ਐ।"

ਚਿੱਠੀਆਂ ਤੇ ਤਸਵੀਰਾਂ ਵਾਲਾ ਲੈਦਰ ਦਾ ਬਰੀਫ ਕੇਸ ਅਲਮਾਰੀ ਦੇ ਸੇਫ ਵਿਚ ਰਖ ਕੇ ਚਾਬੀ ਭਗੀਰਥ ਨੂੰ ਫੜਾਉਣ ਪਿਛੋਂ ਊਸ਼ਾ ਨੂੰ ਲੱਗਿਆ ਜਿਵੇਂ ਇਸ ਘਰ ਵਿਚ ਉਹ ਇਕੱਲੀ ਔਰਤ ਨਹੀਂ, ਆਸ਼ਾ ਵੀ ਹੈ। ਜਿਵੇਂ ਅਜੇ ਕੋਈ ਕਸਰ ਬਾਕੀ ਸੀ। ਭਗੀਰਥ ਨੇ ਊਸ਼ਾ ਦੇ ਸਾਹਮਣੇ ਉਸ ਦੀ ਸੌਂਕਣ ਲਿਆ ਖੜੀ ਕੀਤੀ, ਜਿਵੇਂ ਗਿਣ ਮਿੱਥ ਕੇ ਇਹ ਫੈਸਲਾ ਕੀਤਾ ਹੋਵੇ ਕਿ ਊਸ਼ਾ ਨੂੰ ਕਿਸੇ ਪਾਸਿਉਂ ਵੀ ਸੁਖ ਦਾ ਸਾਹ ਨਹੀਂ ਲੈਣ ਦੇਣਾ। "ਇਹ ਕਿਹੋ ਜਿਹੇ ਕਪੜੇ ਪਾ ਲਏ ਅੱਜ" —ਭਗੀਰਥ ਨੇ ਜਦੋਂ ਅੰਦਰੋਂ ਕੁਰਸੀ ਘੜੀਸੀ ਆਉਂਦੇ ਨੇ ਆਖਿਆ ਤਾਂ ਊਸ਼ਾ ਨੂੰ ਲਗਿਆ ਮੈਂ ਤਾਂ ਵੇਲ ਆਂ, ਵੇਲਾਂ ਤਾਂ ਹਰੀਆਂ ਹੁੰਦੀਆਂ ਨੇ। ਫਿਰ ਜਿਵੇਂ ਪਿੰਨ ਦੀ ਚੋਭ ਨਾਲ ਉਸ ਨੂੰ ਕਿਸੇ ਨੇ ਜਗਾਇਆ। ਬੋਲੀ, "ਆਸ਼ਾ ਪਾਉਂਦੀ ਸੀ ਹਰੇ ਕਪੜੇ ?" "ਤੂੰ ਉਸ ਦਾ ਨਾਉਂ

ਨਾ ਲਿਆ ਕਰ।'' ''ਦੇਵੀਂ ਦੀ ਥਾਂ ਤੁਸੀਂ ਮੇਰਾ ਨਾਉਂ ਆਸ਼ਾ ਰਖ ਦਿੰਦੇ'' ਬਿਨਾਂ ਸੋਚੇ ਸਮਝੇ ਊਸ਼ਾ ਨੇ ਆਖਿਆ। ''ਨਾਉਂ ਨਾਲ ਕੀ ਹੁੰਦੈ। ਉਹ ਤਾਂ ਕੁੜੀ ਸੀ ਜਿਵੇਂ ਅੱਗ ਦੀ ਲਾਟ। ਪਰ ਮੈਂ ਆਖਿਐ ਤੂੰ ਉਸ ਦਾ ਨਾਉਂ ਨਾ ਲਿਆ ਕਰ। ਕਪੜੇ ਵੀ ਕੋਈ ਹੋਰ ਪਾ ਲੈ।'' ਅਨਮੰਨੀ ਜਿਹੀ ਊਸ਼ਾ ਉਠੀ ਤੇ ਅਮਰੀਕਾ ਜਾ ਕੇ ਆਸ਼ਾ ਨੂੰ ਲੱਭਣ ਲੱਗੀ। ''ਜ ਕੁਝ ਤੂੰ ਭਗੀਰਥ ਦਾ ਆਪਣੇ ਨਾਲ ਲੈ ਆਈ ਐਂ, ਉਹ ਮੈਨੂੰ ਮੋੜ ਦੇ। ਮੈਂ ਚਾਹੁੰਦੀ ਆਂ ਉਹ ਰਾਜ਼ੀ ਹੋ ਜੇ। (33)

ਭਗੀਰਥ ਦੀ ਦਿਲ ਦੀ ਤਾਰ ਤਾਂ ਅਜੇ ਆਸ਼ਾ 'ਤੇ ਹੀ ਵਜਦੀ ਸੀ। ਭੋਰਾ ਕੁ ਖੁਰਚਿਆਂ ਜ਼ਾਹਰ ਹੋਣੋ ਨਹੀਂ ਸੀ ਰਹਿੰਦਾ। ''ਉਂਜ ਤਾਂ ਮੈਂ ਸੋਚਦਾਂ ਚੰਗਾ ਹੀ ਹੋਇਆ, ਮੈਂ ਐਡੀ ਤੇਜ਼ ਜ਼ਿੰਦਗੀ ਉਹਦੇ ਨਾਲ ਤੁਰ ਨਹੀਂ ਸੀ ਸਕਣਾ ਤੇ ਸਾਡਾ ਝਗੜਾ ਹੀ ਹੁੰਦਾ ਰਿਹਾ ਕਰਨਾ ਸੀ।'' ''ਇਹ ਗੱਲਾਂ ਤਾਂ ਤੁਸੀਂ ਸੋਚ ਕੇ ਆਖ ਰਹੇ ਓ ਉਂਜ ਜੀ ਤਾਂ ਕਰਦਾ ਹੋਏਗਾ ਉਹ ਇਥੇ ਹੀ ਹੁੰਦੀ ?'' ''ਹੁਣ ਨੀਂ ਕਰਦਾ ਮਨ। ਹੁਣ ਤਾਂ ਲਗਦੈ ਆਸ਼ਾ ਜਿਵੇਂ ਮਰ ਗਈ ਐ। ਜਾਂ ਫੇਰ ਕਦੇ ਕਦੇ ਲਗਦਾ ਹੁੰਦੈ ਉਹ ਇਥੇ ਈ ਐ ਸਾਡੇ ਕੋਲ। ਕਦੇ ਕਦੇ ਤਾਂ ਮੈਨੂੰ ਇਹ ਵੀ ਭੁਲੇਖਾ ਲੱਗ ਜਾਂਦੈ ਕਿ ਤੂੰ ਊਸ਼ਾ ਐਂ ਕਿ ਆਸ਼ਾ'' ਭਗੀਰਥ ਨੇ ਹੱਸ ਕੇ ਆਖਿਆ (34) ਆਸ਼ਾ ਇਥੇ ਨਾ ਹੁੰਦੀ ਹੋਈ ਵੀ ਇਥੇ ਹੀ ਸੀ, ਘਰ ਵਿਚ। ਦੋਹਾਂ ਦੇ ਨਾਲ ਤੀਸਰੀ ਧਿਰ। ''ਇਕ ਵਾਰੀ ਮੇਰੇ ਬਕਸ ਵਿਚ ਆਸ਼ਾ ਲਈ ਲਿਆਂਦੀ ਇਕ ਸਾੜ੍ਹੀ ਮਾਂ ਨੇ ਦੇਖ ਲਈ ਸੀ...ਤੇ ਪਿਛੋਂ ਕਈ ਵਾਰੀ ਆਖ ਕੇ ਮਜ਼ਾਕ ਕਰਦੀ ਰਹੀ ਅਖੇ ਭਗੀਰਥ ਉਹ ਸਾੜ੍ਹੀ ਵਾਲੀ ਮੈਨੂੰ ਤਾਂ ਦਿਖਾ ਦੇ।'' (52) ਊਸ਼ਾ ਦਾ ਮਨ ਕੀਤਾ ਉਥੋਂ ਉਠ ਕੇ ਚਲੀ ਜਾਵੇ, ਪਰ ਉਹ ਚੁਪ ਕਰ ਕੇ ਬੈਠੀ ਰਹੀ। ''ਜਦੋਂ ਵੀ ਕਦੇ ਆਸ਼ਾ ਦੀ ਗੱਲ ਮੇਰੇ ਮੂੰਹੋਂ ਨਿਕਲ ਜਾਂਦੀ ਐ ਤੇਰਾ ਮੂੰਹ ਹੋਰ ਤਰ੍ਹਾਂ ਦਾ ਈ ਬਣ ਜਾਂਦੈ।''... ਊਸ਼ਾ ਨੇ ਕਿਸੇ ਵੀ ਗੱਲ ਦਾ ਕੋਈ ਜਵਾਬ ਨਹੀਂ ਦਿਤਾ। ਓਹ ਤਾਂ ਦੂਰ ਕਿਧਰੇ ਤੁਰੀ ਫਿਰ ਰਹੀ ਸੀ। ਉਥੇ ਜਿਥੇ ਉਹ ਆਸ਼ਾ ਨੂੰ ਗੂੜ੍ਹੇ ਰੰਗ ਦੀ ਸਾੜ੍ਹੀ ਬੰਨ੍ਹੀ ਹਸਦੀ ਤੁਰੀ ਜਾ ਰਹੀ ਦੇਖ ਰਹੀ ਸੀ। ''ਮੈਨੂੰ ਵੀ ਕਦੇ ਕੁਝ ਲੈ ਦਿਆ ਕਰੋ'' ਊਸ਼ਾ ਨੇ ਸ਼ਾਇਦ ਉਥੇ ਖੜੋਤੀ ਨੇ ਹੀ ਆਖਿਆ ਸੀ। (53) ''ਮੇਰਾ ਕਿਧਰੇ ਜੀ ਨਹੀਂ ਲਗਦਾ'' ਊਸ਼ਾ ਨੇ ਵੇਲ ਵਾਂਗ ਉਹਦੇ ਮੋਢੇ ਨਾਲ ਲਗਦਿਆਂ ਆਖਿਆ...''ਆਸ਼ਾ ਕਿੰਨੀਆਂ ਜਮਾਤਾਂ ਪੜ੍ਹੀ ਹੋਈ ਸੀ ?'' ਕੁਝ ਚਿਰ ਦੀ ਚੁਪ ਮਗਰੋਂ ਊਸ਼ਾ ਨੇ ਪੁਛਿਆ। ''ਊਸ਼ਾ ਬਹੁਤੀਆਂ ਪੜ੍ਹੀਆਂ ਕੁੜੀਆਂ ਤਾਂ ਮੈਨੂੰ ਉਕਾ ਪਸੰਦ ਨਹੀਂ। ਤੂੰ ਨਹੀਂ ਜਾਣਦੀ ਉਹ ਕਿੰਨੀਆਂ ਅਵਾਰਾ ਹੁੰਦੀਆਂ ਨੇ,'' ਭਗੀਰਥ ਨੇ ਦੱਸਿਆ।...''ਆਸ਼ਾ ਵੀ ਇਹੋ ਜਿਹੀ ਲੜਕੀ ਸੀ ?'' ਊਸ਼ਾ ਨੇ ਪਤਾ ਨਹੀਂ ਕਿਉਂ ਪੁਛਿਆ। ''ਊਸ਼ਾ ਮੈਂ ਤੈਨੂੰ ਕਿੰਨੀ ਵਾਰੀ ਆਖਿਐ, ਆਸ਼ਾ ਦਾ ਨਾਉਂ ਨਾ ਲਿਆ ਕਰ। ਮੈਂ ਉਸ ਨੂੰ ਨਫਰਤ ਕਰਦਾਂ,'' ਭਗੀਰਥ ਨੇ ਤਿਊੜੀਆਂ ਪਾ ਕੇ ਆਖਿਆ। ''ਇਸ ਦਾ ਮਤਲਬ ਐ ਤੁਸੀਂ ਉਸ ਨੂੰ ਭੁਲੇ ਨੀਂ।'' ਊਸ਼ਾ ਨੇ ਜਦੋਂ ਆਖਿਆ ਭਗੀਰਥ ਹੈਰਾਨ ਹੋ ਕੇ ਉਸ ਵਲ ਝਾਕਿਆ ਕਿ ਪਿੰਡ ਦੀ ਸਿਰਫ ਦਸਵੀਂ ਪੜ੍ਹੀ ਕੁੜੀ ਇਹ ਸਭ ਕਿਵੇਂ ਸਮਝਦੀ ਐ (80) ਆਸ਼ਾ ਨੂੰ ਭਗੀਰਥ ਭੁਲਿਆ ਨਹੀਂ ਸੀ। ਉਹ ਉਸ ਦੇ ਮਨੋਂ ਲੱਥੀ ਨਹੀਂ ਸੀ। ਨਿਰੀ ਦਾਖੀਂ ਹੱਥ ਨਾ ਅਪੜੇ ਆਖੇ ਥੂਹ ਕੌੜੀ ਵਾਲੀ ਗੱਲ ਸੀ। ''ਇਹ ਔਰਤਾਂ ਹੁੰਦੀਆਂ ਝੂਠੀਆਂ ਨੇ। ਆਸ਼ਾ ਵੀ ਤਾਂ ਆਖਦੀ ਹੁੰਦੀ ਸੀ...ਕੀ ਆਖਦੀ ਸੀ ? ਕੁਝ ਯਾਦ ਜਿਹਾ ਨਹੀਂ ਸੀ ਆ ਰਿਹਾ।''

ਪਤਾ ਨਹੀਂ ਕਿਉਂ ਉਸ ਨੇ ਆਸ਼ਾ ਦੇ ਘਰ ਫੋਨ ਕੀਤਾ।...''ਕਿਰਿਆ 'ਤੇ ਆਸ਼ਾ ਤੇ ਉਸ ਦਾ ਪਤੀ ਆਏ ਸੀ ?'' ਉਸ ਨੇ ਜ਼ਰਾ ਸੰਭਲ ਕੇ ਪੁਛਿਆ। ਉਨ੍ਹਾਂ ਦੇ ਪਤੀ ਸਾਹਿਬ ਤਾਂ ਨਹੀਂ ਆ ਸਕੇ



ਆਸ਼ਾ ਬੀਬੀ ਆਏ ਹੋਏ ਨੇ।'' ''ਜ਼ਰਾ ਫੋਨ' ਤੇ ਬੁਲਾ ਸਕਦੇ ਓ ਪਲੀਜ਼'', ਭਗੀਰਥ ਨੇ ਤਰਲੇ ਵਾਂਗ ਆਖਿਆ। ''...ਤੁਹਾਨੂੰ...ਆਸ਼ਾ...ਤੈਨੂੰ ਦੇਖਣ ਨੂੰ ਬੜਾ ਜੀ ਕਰਦੈ'' ਭਗੀਰਥ ਜਿਵੇਂ ਬੌਖਲਾ ਕੇ ਏਨਾ ਕੁਝ ਬੋਲ ਗਿਆ। ''ਕਲ ਆ ਜਾਣਾ ਮਿਲਣ''...''ਮੈਂ ਹੁਣੇ ਆ ਰਿਹਾਂ'' (123)। 'ਹੈਲੋ' ਭਗੀਰਥ ਨੇ ਬੇਦਿਲੀ ਨਾਲ ਆਖਿਆ। ''ਕਾਰ ਹੁਣੇ ਸਾਡਾ ਡਰਾਈਵਰ ਛੱਡਣ ਆ ਰਿਹੈ'' ਆਸ਼ਾ ਦੱਸ ਰਹੀ ਸੀ। ਆਸ਼ਾ ? ਆਸ਼ਾ ? ਆਸ਼ਾ ? ਭਗੀਰਥ ਬੁਲਾਉਂਦਾ ਰਿਹਾ। ਪਰ ਉਹ 'ਤੇ ਰਸੀਵਰ ਰਖ ਗਈ ਸੀ। (129)

ਜਦੋਂ ਭਗੀਰਥ ਬਿਮਾਰ ਸੀ ਉਸ ਨੂੰ ਊਸ਼ਾ ਦਾ ਹਾਸਾ ਵੀ ਨਹੀਂ ਸੀ ਸੁਖਾਂਦਾ। ''ਊਸ਼ਾ ਨੇ ਕੋਈ ਉੱਤਰ ਨਾ ਦਿਤਾ। ਬਸ ਮਨ ਹੀ ਮਨ ਵਿਚ ਖਿਝ ਕੇ ਆਖਿਆ, ''ਰਬ ਕਰੇ, ਸੱਚੀਂ ਬਿਮਾਰ ਹੋ ਗਈ ਹੋਵਾਂ। ਤੁਹਾਡੇ ਕੋਲੋਂ ਮੇਰਾ ਹਸਣਾ, ਮੇਰਾ ਚੱਜ ਨਾਲ ਜੀਊਣਾ ਤੇ ਮੇਰੀ ਤੰਦਰੁਸਤੀ ਬਰਦਾਸ਼ਤ ਨਹੀਂ ਸੀ ਨਾ ਹੁੰਦੀ ਇਸੇ ਲਈ ਖਿਝਦੇ ਰਹਿੰਦੇ ਸੀ।'' (177) ਪਰ ਹੁਣ ਉਹ ਰਾਜ਼ੀ ਸੀ। ''ਮੈਂ ਤੈਨੂੰ ਇਕ ਖ਼ੁਸ਼ਖ਼ਬਰੀ ਦੱਸਾਂ ? ਇਸ ਵਾਰੀ ਦੇ ਐਕਸ-ਰੇ ਬੜੇ ਵਧੀਆ ਆਏ ਨੇ। ਡਾਕਟਰ ਆਖਦਾ ਸੀ ਬੱਸ ਬਿਲਕੁਲ ਮਮੂਲੀ ਜਿਹੀ ਕਸਰ ਬਾਕੀ ਐ। (53–54) ਰਾਜ਼ੀ ਹੋਣ ਕਰ ਕੇ ਹੁਣ ਭਗੀਰਥ ਦੀ ਲੋੜ ਬਦਲ ਗਈ ਸੀ। ਜਦੋਂ ਬਿਮਾਰ ਸੀ ਉਦੋਂ ਭਗੀਰਥ ਦੀ ਲੋੜ ਨੇ ਊਸ਼ਾ ਦਾ ਹਾਸਾ ਉਹਦੇ ਬੁਲ੍ਹਾਂ ਤੋਂ ਚੁਕ ਲਿਆ ਸੀ। ਉਸ ਦੇ ਮੂੰਹ 'ਤੇ ਮੁਰਦੇ ਹਾਣ ਵਰਤਾ ਕੇ ਆਪੇ ਹੀ ਪੁਛਿਆ ਸੀ ''ਤੂੰ ਅੱਜ ਏਨੀ ਸੀਰੀਅਸ ਜਿਹੀ ਕਾਹਤੋਂ ਹੋਈ ਫਿਰਦੀ ਐਂ ? ਨਹੀਂ ਮਨ ਲਗਦਾ ਦੋ ਚਾਰ ਦਿਨ ਆਪਣੇ ਘਰ ਜਾ ਆ। ਕੰਮ ਤਾਂ ਸਾਰਾ ਸ਼ਿਬੂ ਕਰ ਈ ਲੈਂਦਾ ਐ।'' ਊਸ਼ਾ ਨੇ ਕੋਈ ਉੱਤਰ ਨਹੀਂ ਦਿਤਾ। ਭਗੀਰਥ ਦੇ ਚਲੇ ਜਾਣ ਮਗਰੋਂ ਉਸ ਨੇ ਉਚੇਚਾ ਸ਼ੀਸ਼ੇ ਮੂਹਰੇ ਬੈਠ ਕੇ ਵੇਖਿਆ ਮੈਂ ਸੀਰੀਅਸ ਲਗਦੀ ਆਂ ? ਮੈਂ ਸੀਰਅਸ ਕਾਹਤੋਂ ਆਂ ? ਉਸ ਨੇ ਸ਼ੀਸ਼ੇ ਵਿਚਲੇ ਆਪਣੇ ਹੀ ਪ੍ਰਤੀਰੂਪ ਨੂੰ ਜਿਵੇਂ ਪੁਛਿਆ। ਹੁਣ ਰਾਜ਼ੀ ਹੋਏ ਭਗੀਰਥ ਨੂੰ ਊਸ਼ਾ ਦਾ ਸੀਰੀਅਸ ਹੋਣਾ ਚੁਭਦਾ ਸੀ। ਹੁਣ ਉਹਨੂੰ ਉਹ ਰੰਨ, ਉਹ ਊਸ਼ਾ ਚਾਹੀਦੀ ਸੀ ਜੋ ਉਹਦੇ ਮੋਢਿਆਂ 'ਤੇ ਚੜ੍ਹੀ ਫਿਰੇ। ਪਟੋਲਾ ਬਣੀ ਪੱਬਾਂ ਭਾਰ ਨੱਚਦੀ ਫਿਰੇ। ਮੋਰ ਵਾਂਗ ਉਹਦੇ ਦਵਾਲੇ ਪੈਲਾਂ ਪਾਉਂਦੀ ਫਿਰੇ ਤੇ ਗਲਾਂ ਅੱਖਾਂ ਨਾਲ ਕਰਦੀ ਫਿਰੇ। ਹਮੇਸ਼ਾਂ ਹਸੂੰ ਹਸੂੰ ਕਰਦੀ ਫਿਰੇ। ਤੇ ਹਸਦੀ ਹਸਦੀ ਫੁਲ ਕੇਰਦੀ ਫਿਰੇ। ਜਿਧਰੋਂ ਦੀ ਲੰਘ ਜਾਏ ਤੇ ਜਿਧਰ ਵੇਖੇ ਅਗਲੇ ਕਲੇਜਾ ਫੜ ਕੇ ਬਹਿ ਜਾਣ। ਸੜ ਕੇ ਕੋਲਾ ਹੋ ਜਾਣ—ਸਾਲਾ ਲਈ ਫਿਰਦੈ। ਪਰ ਗਲ ਘੁਟ ਕੇ ਮਾਰੀ ਹੋਈ ਊਸ਼ਾ ਵਿਚ ਮੁੜ ਸਾਹ ਕਿਵੇਂ ਪੈ ਜਾਣ ? ਭਗੀਰਥ ਨੂੰ ਖਿਝ ਚੜ੍ਹ ਚੜ੍ਹ ਜਾਂਦੀ ਸੀ। ''ਪਰ ਉਸ ਨੇ ਖਿਝ ਨੂੰ ਦਬਾਂਦਿਆਂ ਏਨਾ ਹੀ ਆਖਿਆ : ''ਪੜ੍ਹਾਈ ਦਾ ਜਮਾਤਾਂ ਨਾਲ ਤਾਂ ਕੋਈ ਤੁਅਲਕ ਹੀ ਨਹੀਂ ਹੁੰਦਾ।'' ''ਇਹ ਗੱਲ ਵੀ ਤੇਰੀ ਕਮਾਲ ਦੀ ਐ ਕਿ ਪੜ੍ਹਾਈ ਦਾ ਜਮਾਤਾਂ ਨਾਲ ਤੁਅਲਕ ਨਹੀਂ ਹੁੰਦਾ। ਇਹ ਸਭ ਤੂੰ ਕਿਥੋਂ ਸਿਖਿਐ ?'' ''ਤੁਸੀਂ ਤਾਂ ਆਪਣੇ ਜਾਣੇ ਇਕ ਪੇਂਡੂ ਬੇਵਕੂਫ ਲੜਕੀ ਨਾਲ ਸ਼ਾਦੀ ਕੀਤੀ ਸੀ ਨਾ ? ਵੈਸੇ ਗੱਲਾਂ ਦਾ ਕੀ ਐ ਅਸਲ ਵਿਚ ਤਾਂ ਮੈਂ ਪੇਂਡੂ ਅਨਪੜ੍ਹ ਲੜਕੀ ਹੀ ਹਾਂ।'' ਊਸ਼ਾ ਨੇ ਹੱਸ ਕੇ ਕਿਹਾ। ''ਦੇਵੀ ਤੇਰਾ ਵਿਅੰਗਮਈ ਹਾਸਾ ਉਹ ਹਾਸਾ ਨਹੀਂ ਜਿਹੜਾ ਕਦੇ ਹੁੰਦਾ ਸੀ, ਫੁੱਲਾਂ ਦੇ ਖਿੜਨ ਵਰਗਾ ਹਾਸਾ, ਆਵਸ਼ਾਰ ਦੇ ਵਗਣ ਵਰਗਾ ਹਾਸਾ।'' ''ਮਾਂ ਵੀ ਆਖਦੀ ਹੁੰਦੀ ਸੀ ਹਸਦੀ ਸਾਰਾ ਦਿਨ ਖਿੱਲਾਂ ਜੀਆਂ ਡੋਲ੍ਹਦੀ ਤੁਰੀ ਫਿਰਦੀ ਐ।'' ''ਹਾਂ ਪਰ ਹੁਣ ਤੂੰ ਉਸ ਤਰ੍ਹਾਂ ਕਦੇ ਹਸਦੀ ਮੈਂ ਦੇਖੀ ਨਹੀਂ। ਏਥੇ ਤੈਨੂੰ ਕੋਈ ਔਖ ਐ ?'' ''ਨਹੀਂ'' ਊਸ਼ਾ ਨੇ ਸੰਖੇਪ ਜਿਹਾ ਉੱਤਰ ਦਿਤਾ। ''ਵੇਖ ਪੈਸੇ ਟਕੇ ਦੀ ਏਥੇ ਤੰਗੀ ਨਹੀਂ। ਰੋਕਣ ਟੋਕਣ ਵਾਲਾ

ਕੋਈ ਨਹੀਂ। ਖਾਣ ਪੀਣ ਦਾ ਘਾਟਾ ਨਹੀਂ, ਫੇਰ ਵੀ ਇਕ ਸ਼ਿਕਨ ਜਿਹੀ ਤੇਰੇ ਚੇਹਰੇ 'ਤੇ ਛਾਈ ਰਹਿੰਦੀ ਐ। ਕਿਉਂ ?" ਭਗੀਰਥ ਨੇ ਜ਼ਰਾ ਸਖਤ ਹੋ ਕੇ ਪੁਛਿਆ। ਊਸ਼ਾ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ। "ਮੈਨੂੰ ਮਨਹੂਸ ਕਿਸਮ ਦੀਆਂ ਔਰਤਾਂ ਪਸੰਦ ਨਹੀਂ, ਜਿਹੜੀਆਂ ਬਿਨਾਂ ਹੀ ਗੱਲ ਤੋਂ ਘਰ ਵਿਚ ਸੋਗ ਵਰਤਾਈ ਰੱਖਣ। ਤੈਨੂੰ ਕੋਈ ਚੀਜ਼ ਚਾਹੀਦੀ ਐ ਤਾਂ ਦੱਸ ? ਕੋਈ ਗੱਲ ਐ ਤਾਂ ਦੱਸ ? ਤੂੰ ਖ਼ੁਸ਼ ਕਿਉਂ ਨਹੀਂ ਰਹਿੰਦੀ ? ਤੈਨੂੰ ਤਕਲੀਫ ਕੀ ਐ ?" ਭਗੀਰਥ ਨੇ ਆਕੜ ਕੇ ਪੁਛਿਆ। "ਮੇਰਾ ਜੀ ਨਹੀਂ ਲਗਦਾ" ਊਸ਼ਾ ਨੇ ਪਤਾ ਨਹੀਂ ਕਿਵੇਂ ਆਖ ਦਿਤਾ। "ਇਥੇ ਜੀ ਨਹੀਂ ਲਗਦਾ ਤਾਂ ਆਪਣੇ ਮਾਂ ਪਿਓ ਦੇ ਘਰ ਚਲੀ ਜਾ" ਭਗੀਰਥ ਤਲਖ ਹੋ ਕੇ ਆਖ ਰਿਹਾ ਸੀ। (55)

"ਉਸੇ ਨੇ ਬਣਾਈ ਐ ਚਾਹ ਮੈਂ ਤਾਂ ਸਿਰਫ ਫੜ ਕੇ ਲਿਆਈ ਆਂ। ਅੱਜ ਸਵੇਰੇ-ਸਵੇਰੇ ਤੁਸੀਂ ਏਨੇ ਖਿਝ ਕਿਉਂ ਰਹੇ ਓ ?" "ਤੇਰੇ ਸੜੇ ਹੋਏ ਬੂਥੇ ਵਲ ਦੇਖ ਕੇ ਖਿਝ ਨਹੀਂ ਆਊਗੀ ਤਾਂ ਹੋਰ ਕੀ ਹੋਊ ? ਸ਼ੀਸ਼ੇ ਵਿਚ ਤਾਂ ਦੇਖ ਜਾ ਕੇ ਕਿਹੋ ਜੀ ਸ਼ਕਲ ਬਣਾਈ ਐ। ਮੈਂ ਪੁੱਛਦਾਂ ਤੈਨੂੰ ਹੋਇਆ ਕੀ ਐ ? ਲੋਕਾਂ ਦੇ ਘਰਾਂ 'ਚ ਜਾ ਕੇ ਦੇਖ ਤੀਵੀਆਂ ਕਿਵੇਂ ਖੁਸ਼ ਰਹਿੰਦੀਆਂ ਨੇ।" ਊਸ਼ਾ ਨੇ ਕੋਈ ਜਵਾਬ ਨਹੀਂ ਦਿਤਾ। ਉਸ ਨੂੰ ਲੱਗਿਆ ਸ਼ਾਇਦ ਭਗੀਰਥ ਠੀਕ ਹੀ ਆਖਦਾ ਸੀ। ਪਤਾ ਨਹੀਂ ਕਿਉਂ ਉਹ ਹਮੇਸ਼ਾਂ ਬੁਝੀ-ਬੁਝੀ ਰਹਿੰਦੀ ਸੀ। ਮਾਂ ਵੀ ਤਾਂ ਆਖਦੀ ਸੀ ਤੈਨੂੰ ਹੋ ਕੀ ਗਿਆ ? "ਸਿਰ ਹਟ ਗਿਆ ਤੁਹਾਡਾ ?" ਊਸ਼ਾ ਨੇ ਉਸ ਦੀ ਕਿਸੇ ਵੀ ਗੱਲ ਵਲ ਧਿਆਨ ਨਾ ਦੇ ਕੇ ਪੁਛਿਆ। "ਮੈਂ ਪੁਛਦਾਂ ਏਸ ਘਰ 'ਚ ਕੋਈ ਮਰ ਗਿਆ ? ਤੂੰ ਬੂਥਾ ਕਿਉਂ ਇਉਂ ਬਣਾ ਲਿਐ ?" ਭਗੀਰਥ ਖਿਝ ਕੇ ਪੁੱਛ ਰਿਹਾ ਸੀ।..."ਹੁਣੇ ਅਜੇ ਬੈਡ ਟੀ ਲਈ ਐ ਹੁਣ ਏਸ ਨੂੰ ਦੁਪਹਿਰ ਦੇ ਖਾਣੇ ਦਾ ਫਿਕਰ ਪੈ ਗਿਆ। ਖਾਣ ਪੀਣ ਤੋਂ ਬਿਨਾਂ ਵੀ ਕੁਝ ਸੋਚ ਲਿਆ ਕਰ।" ਅਖਬਾਰ ਹੱਥ 'ਚ ਫੜੀ ਬਾਹਰ ਧੁੱਪੇ ਬੈਠਣ ਲਈ ਆ ਰਹੇ ਭਗੀਰਥ ਨੇ ਉਸ ਵਲ ਝਾਕ ਕੇ ਆਖਿਆ। "ਅੱਜ ਤੋਂ ਸ਼ਹਿਰ 'ਚ ਸੰਗੀਤ ਸੰਮੇਲਨ ਹੋ ਰਿਹੈ। ਦੇਸ ਭਰ 'ਚੋਂ ਵੱਡੇ ਵੱਡੇ ਆਰਟਿਸਟ ਆ ਰਹੇ ਨੇ। ਬਾਹਰਲੇ ਮੁਲਕਾਂ ਤੋਂ ਲੋਕ ਉਸ ਸੰਗੀਤ ਨੂੰ ਟੇਪ ਕਰਨ ਲਈ ਪਹੁੰਚੇ ਹੋਏ ਨੇ, ਅਖਬਾਰ 'ਚ ਏਡੀ ਵੱਡੀ ਖਬਰ ਐ। ਇਥੇ ਇਹ ਮੂਲੀਆਂ ਵਾਲੇ ਪਰੌਂਠਿਆਂ ਤੋਂ ਅਗਾਂਹ ਨਹੀਂ ਸੋਚ ਸਕਦੀ। ਕਦੇ ਅਖਬਾਰ ਪੜ੍ਹੂ ਤਾਂ ਪਤਾ ਲੱਗੇ ਬਾਹਰ ਦੁਨੀਆਂ 'ਚ ਕੀ ਹੋ ਰਿਹੈ। ਬਸ ਚੂਹਿਆਂ ਆਲੀ ਜ਼ਿਦਗੀ ਐ, ਘਰ ਦੇ ਐਸ ਖੂੰਜੇ 'ਚੋਂ ਓਸ ਖੂੰਜੇ ਤੇ ਓਸ ਖੂੰਜੇ ਤੋਂ ਏਸ ਖੂੰਜੇ। ਬਹੁਤ ਕੀਤਾ ਏਸ ਘਰੋਂ ਓਸ ਘਰ ਤੇ ਓਸ ਘਰੋਂ ਏਸ ਘਰ।" ਊਸ਼ਾ ਨੇ ਕੋਈ ਉਤਰ ਨਹੀਂ ਦਿਤਾ। ਉਸ ਨੂੰ ਲਗਿਆ ਸ਼ਾਇਦ ਭਗੀਰਥ ਠੀਕ ਹੀ ਆਖਦਾ ਸੀ, ਉਸ ਦੀ ਜ਼ਿੰਦਗੀ ਚੂਹਿਆਂ ਵਰਗੀ ਹੀ ਜ਼ਿੰਦਗੀ ਸੀ। "ਨਾ ਤੈਨੂੰ ਘਰ ਰਖਣ ਦਾ ਪਤੈ; ਲੋਕਾਂ ਦੇ ਘਰ ਜਾ ਕੇ ਦੇਖ। ਨਾ ਖਾਣ ਪਹਿਨਣ ਦਾ ਕੋਈ ਸਲੀਕਾ ਐ ਬਿਲਕੁਲ ਪੇਂਡੂਆਂ ਵਾਂਗ...ਭਗੀਰਥ ਅੱਗੋਂ ਕੁਝ ਕਹਿੰਦਾ ਕਹਿੰਦਾ ਰੁਕ ਗਿਆ। ਉਸ ਨੇ ਦੇਖਿਆ ਊਸ਼ਾ ਕਾਟਵੀਂ ਨਜ਼ਰ ਨਾਲ ਉਸ ਵੱਲ ਝਾਕੀ ਸੀ। "ਹਾਂ ਹਾਂ ਆਖ ਕੀ ਆਖਣ ਲੱਗੀ ਸੀ ?" ਭਗੀਰਥ ਨੇ ਉਸ ਦੇ ਬੁਲ੍ਹ ਜਿਹੇ ਫਰਕਦੇ ਦੇਖ ਕੇ ਆਖਿਆ। "ਜ਼ਿਆਦਾ ਪੜ੍ਹੀ ਨਾਲ ਵਿਆਹ ਕਰਵਾਉਣਾ ਸੀ ਜਿਹੜੀ ਸਲੀਕੇ ਵਾਲੀ ਹੁੰਦੀ" ਊਸ਼ਾ ਨੇ ਜਿਵੇਂ ਰੋਸ ਨਾਲ ਆਖਿਆ। (62-64)

ਊਸ਼ਾ ਆਪਣੇ ਨਾਲ ਹੋ ਰਹੀ ਘੋਰ ਬੇਇਨਸਾਫੀ ਦਾ ਰੋਸ ਤਾਂ ਮਨਾਉਂਦੀ ਹੈ ਪਰ ਸਿੱਧਾ ਨਹੀਂ ਕਹਿੰਦੀ ਕਿ ਮੇਰੇ ਹਾਸੇ ਦਾ, ਮੇਰੀ ਫੁਲ ਵਰਗੀ ਰੂਹ ਦਾ ਗਲ ਤਾਂ ਤੂੰ ਆਪ ਘੁਟਿਆ ਏ ਤੇ ਹੁਣ ਮੇਰੇ ਕੋਲੋਂ ਆਸ ਕੀ ਰਖਦੈਂ। ਭਗੀਰਥ ਨੂੰ, ਆਪ ਨੂੰ ਨਾ ਤਾਂ ਕੋਈ ਅਹਿਸਾਸ ਹੈ ਅਤੇ ਨਾ ਹੀ



ਕੋਈ ਸ਼ਰਮ ਹਯਾ ਕਿ ਊਸ਼ਾ ਦੀ ਜਵਾਨੀ ਦਾ, ਗਲ ਤਾਂ ਮੈਂ ਆਪ ਘੁਟਿਆ ਏ ਤੇ ਉਸ ਨੂੰ ਬੁਰਾ ਭਲਾ ਕਹਿਣ ਦਾ ਕੀ ਫਾਇਦਾ। ਜੇ ਉਹ ਹਸੂੰ ਹਸੂੰ, ਟਪੂੰ ਟਪੂੰ ਨਹੀਂ ਕਰਦੀ ਤਾਂ ਕਸੂਰ ਤਾਂ ਉਹਦਾ ਨਹੀਂ। ਆਪਣੀ ਕੀਤੀ ਦੀ ਸਜ਼ਾ ਭਗੀਰਥ ਆਪ ਭੁਗਤਣ ਲਈ ਤਿਆਰ ਨਹੀਂ। ਉਹ ਤਾਂ ਕਰੇ ਕੋਈ ਤੇ ਭੁਗਤੇ ਕੋਈ ਦੇ ਰਾਹੇ ਹੈ। ਜੁਰਮ ਕਰ ਕੇ ਭਗੀਰਥ ਤਾਂ ਹੁਣ ਜੁਰਮ ਦੀ ਸਜ਼ਾ ਦੇਣ ਵਾਲਾ ਬਣ ਬੈਠਾ ਹੈ।

ਅਚੇਤ ਸੁਚੇਤ ਭਗੀਰਥ ਦੀ ਜ਼ਹਿਨੀਅਤ ਦਾ ਤਾਂ ਮਨੋਰਥ ਹੀ ਇਹ ਸੀ ਕਿ ਊਸ਼ਾ ਦਾ ਆਪਣਾ ਆਪ ਕੁਝ ਹੋਵੇ ਈ ਨਾ। ਬਸ ਉਸ ਦਾ ਹੀ ਅਕਸ ਹੋਵੇ। ਜੋ ਉਸ ਦੇ ਮਨ ਦਾ ਮੂਡ ਹੋਵੇ, ਉਸ ਦੇ ਦਿਲ ਦਿਮਾਗ਼ ਵਿਚ ਜੋ ਤਰੰਗ ਉਠੇ, ਊਸ਼ਾ ਆਪਣੇ ਆਪ ਉਸ ਨਾਲ ਰੁੜ੍ਹਦੀ ਤੁਰੀ ਆਏ। ਮਤਲਬ ਹੈ ਜ਼ਹਿਨੀ ਤੌਰ 'ਤੇ ਵੀ ਉਸ ਦੇ ਨਾਲ ਸਤੀ ਹੁੰਦੇ ਆਵੇ। ਜਿਸ ਤਰ੍ਹਾਂ ਹਾਕਮ ਜਮਾਤਾਂ ਮਹਿਕੂਮਾਂ ਨੂੰ ਆਪਣੇ ਅਧੀਨ ਰਖਣ ਵਾਸਤੇ ਉਹਨਾਂ ਦਾ ਸਿਰ ਕੱਪ ਕੇ ਰਖਦੀਆਂ ਹਨ, ਏਸੇ ਤਰ੍ਹਾਂ ਹੀ ਭਗੀਰਥ ਨੇ ਊਸ਼ਾ ਦਾ ਸਿਰ ਕੱਪਿਆ ਹੋਇਆ ਸੀ। ਉਸ ਦੇ ਦਿਮਾਗ਼ ਦੀ ਦਰਬੰਦੀ ਕੀਤੀ ਹੋਈ ਸੀ। ਤੇ ਬਹੁਤ ਹੱਦ ਤਕ ਤੋਤੇ ਵਾਂਗ ਊਸ਼ਾ ਭਗੀਰਥ ਦਾ ਬੋਲਿਆ ਹੋਇਆ ਹੀ ਬੋਲਦੀ ਸੀ। ਉਸ ਦੀ ਸੋਚ ਨੂੰ ਵੀ ਜਿਵੇਂ ਭਗੀਰਥ ਨੇ ਨਕੇਲ ਪਾਈ ਹੋਈ ਸੀ। "ਊਸ਼ਾ ਨੇ ਕੋਈ ਜਵਾਬ ਨਹੀਂ ਦਿਤਾ। ਉਸ ਨੂੰ ਲੱਗਿਆ ਸ਼ਾਇਦ ਭਗੀਰਥ ਠੀਕ ਹੀ ਆਖਦਾ ਸੀ। ਪਤਾ ਨਹੀਂ ਕਿਉਂ ਉਹ ਹਮੇਸ਼ਾਂ ਬੁਝੀ-ਬੁਝੀ ਰਹਿੰਦੀ ਸੀ।...ਊਸ਼ਾ ਨੇ ਕੋਈ ਉੱਤਰ ਨਹੀਂ ਦਿਤਾ। ਉਸ ਨੂੰ ਲੱਗਿਆ ਸ਼ਾਇਦ ਭਗੀਰਥ ਠੀਕ ਹੀ ਆਖਦਾ ਸੀ, ਉਸ ਦੀ ਜ਼ਿੰਦਗੀ ਚੂਹਿਆਂ ਵਰਗੀ ਹੀ ਜ਼ਿੰਦਗੀ ਸੀ। 'ਸਿਹਤ (ਊਸ਼ਾ ਦੀ) ਤਾਂ ਠੀਕ ਐ। ਮਨ ਅੰਦਰਲੀ ਟੁਟ ਭੱਜ ਠੀਕ ਹੋਣ ਨੂੰ ਅਜੇ ਵਕਤ ਲੱਗੂਗਾ। ਇਸੇ ਲਈ ਉਹ ਅਜੇ ਕੋਈ ਵੀ ਫੈਸਲਾ ਕਰਨ ਦੇ ਯੋਗ ਨਹੀਂ। ਇਸੇ ਲਈ ਅਸੀਂ ਉਸ ਨੂੰ ਕਿਸੇ ਗੱਲ ਬਾਰੇ ਵੀ ਕੁਝ ਨਹੀਂ ਆਖਦੇ।' (136)..."ਮੈਂ ਦਸਿਆ ਐ ਨਾ ਅਸੀਂ ਊਸ਼ਾ ਨੂੰ ਅਜੇ ਕਿਸੇ ਗੱਲ ਬਾਰੇ ਵੀ ਕੁਝ ਨਹੀਂ ਆਖਦੇ। ਅਜੇ ਉਹ ਇਸ ਯੋਗ ਹੀ ਕਿਥੇ ਐ ਕਿ ਕਿਸੇ ਗਲ ਬਾਰੇ ਵੀ ਠੀਕ ਤਰ੍ਹਾਂ ਸੋਚ ਸਕੇ। ਪੰਜਾਂ ਸਾਲਾਂ ਵਿਚ ਜਿਹੜੀ ਉਸ ਦੀ ਸੋਚਣ ਸ਼ਕਤੀ ਤੁਸੀਂ ਨਸ਼ਟ ਕਰ ਦਿਤੀ ਐ ਉਸ ਨੂੰ...।" "ਮੈਂ ਨਸ਼ਟ ਕਰ ਦਿਤੀ ਐ ?" ਭਗੀਰਥ ਗੱਲ ਟੋਕ ਕੇ ਬੋਲਿਆ। "ਹਾਂ, ਮੈਂ ਉਸ ਦੇ ਭਰਾਵਾਂ ਤੋਂ ਅੰਦਾਜ਼ਾ ਲਗਾ ਸਕਦੀ ਆਂ ਊਸ਼ਾ ਦੀਦੀ ਕਿਹੋ ਜਿਹੀ ਹੋਵੇਗੀ। ਹੁਣ ਤਾਂ ਉਹ ਖੰਡਰ ਐ, ਇਕ ਉਜਾੜ ਤੇ ਇਕ ਪਤਝੜ।" (137)

ਊਸ਼ਾ ਤੇ ਉਸ ਦੀ ਆਪਣੀ ਮਰਜ਼ੀ ! ਇਹ ਤਾਂ ਜਿਵੇਂ ਭਗੀਰਥ ਸੁਪਨੇ ਵਿਚ ਵੀ ਨਹੀਂ ਸੀ ਸੁਣ ਸਕਦਾ। ਭਗੀਰਥ ਵਾਸਤੇ ਊਸ਼ਾ ਦਾ ਅੱਗੋਂ ਸਵਾਲ ਜਵਾਬ ਕਰਨਾ, ਕਿਸੇ ਗਲੋਂ ਵੀ ਉਭਾਸਰਨਾ, ਉਸ ਦੀ ਕੀਤੀ ਜਾਂ ਕਹੀ ਨੂੰ ਉਥਲਣਾ ਹਨੇਰਗਰਦੀ ਸੀ, ਅਸਮਾਨ ਢਹਿਣ ਵਾਲੀ ਗਲ ਸੀ। ਊਸ਼ਾ ਵੀ ਅੰਤ ਬੰਦੇ ਦਾ ਬੁੱਤ ਸੀ। ਕਦੇ ਕਦਾਈਂ ਭੁਲ ਭੁਲੇਖੇ ਹੀ ਸਹੀ, ਕੋਈ ਹਵਾੜ ਤਾਂ ਅੰਦਰੋਂ ਨਿਕਲ ਹੀ ਆਉਂਦੀ ਐ। ਪਰ ਭਗੀਰਥ ਨੂੰ ਤਾਂ ਜਿਵੇਂ ਅਗ ਬਲ ਉਠਦੀ ਸੀ। "ਇਕ ਮਾਸਟਰ ਦੀ ਧੀ ਹੋਣ ਕਰ ਕੇ ਤੈਨੂੰ ਸਵਾਲ ਜਵਾਬ ਕਰਨ ਦੀ ਬੜੀ ਆਦਤ ਐ", ਪਲ ਕੁ ਰੁਕ ਕੇ ਭਗੀਰਥ ਨੇ ਅਗੋਂ ਆਖਿਆ।' (70) "ਮੈਂ ਕਈ ਦਿਨਾਂ ਤੋਂ ਨੋਟ ਕਰ ਰਿਹਾਂ ਤੂੰ ਕੁਝ ਜ਼ਿਆਦਾ ਹੀ ਆਪ-ਹੁਦਰੀ ਹੁੰਦੀ ਜਾ ਰਹੀ ਐਂ, ਮਤਲਬ ਕੀ ਤੇਰਾ ? ਇਸ ਲਈ ਕਿ ਮੈਂ ਤੇਰੇ ਛਿੱਤਰ ਨੀਂ ਲਾਉਂਦਾ ਤੇ ਜ਼ਨਾਨੀਆਂ ਛਿੱਤਰਾਂ ਬਿਨਾਂ ਠੀਕ ਨਹੀਂ ਰਹਿੰਦੀਆਂ." ਭਗੀਰਥ ਨੇ ਕੌੜ ਕੇ ਆਖਿਆ।..."ਮੈਂ ਪੁਛਦਾਂ ਤੇਰਾ ਦਿਮਾਗ਼ ਤਾਂ ਠੀਕ ਐ ਜੋ ਜੀ ਕਰਦੈ ਬਕਵਾਸ ਕਰੀ ਜਾਨੀ ਐਂ।

ਤੇਰੇ ਕਲੇਸ਼ ਨੇ ਮੈਨੂੰ ਮੁੜ ਕੇ ਬਿਮਾਰ ਕਰ ਦੇਣੈ, ਮੇਰੀ ਜਾਨ ਲੈ ਲੈਣੀ ਐ। ਸਾਲੀ ਜਾਹਲ ਅਨਪੜ੍ਹ"...(75-76)

ਊਸ਼ਾ ਦੀ ਜ਼ਿੰਦਗੀ ਨੂੰ, ਭਗੀਰਥ ਕਿਸੇ ਪਾਸਿਉਂ ਵੀ ਟਹਿਕਣ ਨਹੀਂ ਦੇਂਦਾ। ਊਸ਼ਾ ਔਰਤ ਹੈ। ਉਸ ਦੇ ਅੰਦਰ, ਉਸ ਦੇ ਬੁੱਤ ਵਿਚ ਕੁਦਰਤ ਦੀ ਪਾਈ 'ਮਾਂ' ਹੈ ਜੋ ਆਪਣੀ ਹੋਂਦ ਮੰਗਦੀ ਐ, ਆਪਣਾ ਹੱਕ ਮੰਗਦੀ ਐ। ਭਗੀਰਥ ਊਸ਼ਾ ਦੇ ਅੰਦਰਲੀ 'ਮਾਂ' ਨੂੰ ਉਭਾਸਰਨ ਨਹੀਂ ਦੇਂਦਾ। ਊਸ਼ਾ ਨੂੰ ਉਥੋਂ ਮੁਰੰਡਦਾ ਹੈ ਜਿਥੋਂ ਦੀ ਮੁਰੰਡੀ ਊਸ਼ਾ ਸਾਬਤ ਰਹਿ ਹੀ ਨਹੀਂ ਸਕਦੀ। "ਕਈ ਗੱਲਾਂ ਤੂੰ ਬਚਿਆਂ ਵਾਂਗ ਕਰਦੀ ਐਂ, ਹਾਂ ਸੱਚ ਬੱਚੇ ਤੋਂ ਗੱਲ ਯਾਦ ਆਈ, ਮੈਨੂੰ ਤੂੰ ਦੱਸ ਦੇਈਂ ਜਦੋਂ ਵੀ ਲੋੜ ਪਈ। ਦਵਾਈ ਲਿਆ ਦਿਆਂਗਾ।" "ਊਸ਼ਾ ਚੁੱਪ ਜਿਹੀ ਕਰ ਗਈ।" "ਦੇਖ ਨਾ ਅਜੇ ਤਾਂ ਤੂੰ ਮੇਰੀ ਸੰਭਾਲ ਕਰਨੀ ਹੁੰਦੀ ਐ। ਮੇਰੇ ਨਾਲੋਂ ਤਾਂ ਕੋਈ ਹੋਰ ਚੀਜ਼ ਵਧ ਜ਼ਰੂਰੀ ਨਹੀਂ ?" "ਪਰ ਆਖਦੇ ਨੇ ਜੇ ਬਾਰ ਬਾਰ ਖਰਾਬ ਕਰਦੇ ਰਹੋ ਤਾਂ...।" "ਤੇਰਾ ਮਤਲਬ ਐ ਮੁੜ ਕੇ ਬੱਚਾ ਹੁੰਦਾ ਈ ਨੀ ?" "ਹਾਂ।" "ਫੇਰ ਕਿਹੜਾ ਆਪਣਾ ਰਾਜ ਖੁੱਸ ਚਲਿਐ।" ਊਸ਼ਾ ਸਲਾਈਆਂ ਰਖ ਕੇ ਅੰਦਰ ਚਲੀ ਗਈ। ਉਸ ਦੇ ਜੀ ਨੂੰ ਘੇਰ ਜਿਹੀ ਪਈ ਸੀ। ਫਰਿਜ ਵਿਚੋਂ ਇਕ ਸੰਗਤਰਾ, ਕੱਢ ਕੇ ਛਿੱਲਣ ਲੱਗੀ। "ਮੈਨੂੰ ਲਗਦੈ ਤੈਨੂੰ ਹੁਣ ਫੇਰ ਦਵਾਈ ਦੀ ਲੋੜ ਐ ?" ਊਸ਼ਾ ਨੇ ਕੋਈ ਉੱਤਰ ਨਾ ਦਿਤਾ। "ਮੇਰੇ ਮੁਕਾਬਲੇ ਉਤੇ ਤੈਨੂੰ ਅਣਦੇਖੇ ਮੂੰਹ ਦਾ ਐਨਾ ਮੋਹ ਐ ?" ਭਗੀਰਥ ਸੰਜੀਦਾ ਹੋ ਕੇ ਪੁਛ ਰਿਹਾ ਸੀ। "ਜਦੋਂ ਮੇਰੇ ਅੰਦਰ ਕੁਝ ਮਰਦੈ ਮੈਨੂੰ ਲਗਦੈ ਉਹਦੇ ਨਾਲ ਮੈਂ ਵੀ ਕੁਝ ਨਾ ਕੁਝ ਮਰ ਜਾਨੀ ਆਂ," ਊਸ਼ਾ ਨੇ ਸਹਿਜ ਨਾਲ ਆਖਿਆ।" (35)

ਭਗੀਰਥ ਦਲੀਲ ਤਾਂ ਆਪਣੀ ਸੰਭਾਲ ਦੀ ਦੇਂਦਾ, ਅਚੇਤ ਜਾਂ ਸੁਚੇਤ ਗਲ ਡੂੰਘੀ ਐ। ਇਕ ਤਾਂ ਉਹ ਔਰਤਾਂ ਵਲੋਂ ਹੀ ਨਹੀਂ, ਜ਼ਿੰਦਗੀ ਵਲੋਂ ਹੀ ਸਨਕੀ ਹੈ ਅਤੇ ਇਸ ਸਨਕੀਪੁਣੇ ਦੇ ਪ੍ਰਸੰਗ ਵਿਚ ਅਚੇਤ ਜਾਂ ਸੁਚੇਤ ਸ਼ਾਇਦ ਇਹ ਵੀ ਹੈ ਕਿ ਜੇ ਊਸ਼ਾ ਨੂੰ ਉਖੇੜਨਾ ਪਿਆ, ਤਾਂ ਬੱਚੇ ਹੋ ਜਾਣ ਦੀ ਹਾਲਤ ਵਿਚ, ਊਸ਼ਾ ਦੇ ਛੜੀ ਛਾਂਗ ਰਹਿਣ ਦੀ ਹਾਲਤ ਨਾਲੋਂ ਔਖਾ ਹੋ ਜਾਵੇਗਾ। ਇਹ ਵੀ ਊਸ਼ਾ ਦੇ ਮਨੁਖੀ ਹੱਕਾਂ ਦੀ ਖੋਹਾ ਮਾਹੀ ਹੀ ਹੈ, ਉਹਨਾਂ ਦਾ ਖੁਰਦ ਬੁਰਦੀ ਹੈ। ਊਸ਼ਾ ਵਰਤੋਂ ਦੀ ਵਸਤੂ ਬਣੀ ਦੀ ਦਸ਼ਾ ਨੂੰ ਹੀ ਤਰਜੀਹ ਦੇਂਦੀ ਹੈ। (ਚਲਦਾ)

---

Jagjit Singh

THE SIKH REVOLUTION

A book tracing the logical development of the Sikh movement, that made the solution of political problem an integral part of its programme......

A book of absorbing interest to all students of Indian history about a movement that was qualitatively different from all other Indian religious movements......

An analytical study, well authenticated
Hardbound, Pages 300, Price : Rs. 110/-
Order your copy to SEDH, A-42, Defence Colony, New Delhi-24.



## ਪੁਸਤਕ ਰੀਵੀਊ

### ਅਰਬ ਗਲੀ (ਕਹਾਣੀ-ਸੰਗ੍ਰਹਿ)

ਲੇਖਕ : ਪ੍ਰੀਤਮ; ਪੰਨੇ 130; ਮੁੱਲ ਦਸ ਰੁਪਏ।

ਅਰਬ ਗਲੀ ਪ੍ਰੀਤਮ ਦੀਆਂ ਪੰਦਰਾਂ ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਪੁਸਤਕ ਤੋਂ ਪਹਿਲਾਂ ਮੈਂ ਇਸ ਕਹਾਣੀਕਾਰ ਦੇ ਨਾਂ ਅਤੇ ਰਚਨਾ ਬਾਰੇ ਉੱਕਾ ਹੀ ਅਨਜਾਣ ਸੀ। ਪਰ ਮੁਢਲੀਆਂ ਕਹਾਣੀਆਂ ਦੀ ਰੌਚਿਕਤਾ ਮੈਨੂੰ ਬਾਹੋਂ ਫੜ ਕੇ ਪੁਸਤਕ ਦੇ ਸਿਰੇ ਤਕ ਲੈ ਗਈ।

ਇਸ ਪੁਸਤਕ ਦੀਆਂ ਬਹੁਤੀਆਂ ਕਹਾਣੀਆਂ ਸੱਠਵਿਆਂ ਦੀਆਂ ਹਨ, ਛਪੀ ਇਹ ਸੱਤਰਵਿਆਂ ਵਿਚ ਹੈ ਅਤੇ ਇਹ ਸਤਰਾਂ ਮੈਂ ਅੱਸੀਵਿਆਂ ਵਿਚ ਲਿਖ ਰਿਹਾ ਹਾਂ। ਸਮੇਂ ਦਾ ਅਜੀਬ ਪਾੜਾ ਹੈ, ਜੀਹਦੇ ਵਿਚ ਪਰਕਾਸ਼ਨ ਦੀ ਸਮੱਸਿਆ ਦਾ ਹੀ ਹੱਥ ਮੁੱਖ ਹੋ ਸਕਦਾ ਹੈ। ਪਰ ਇਸ ਪਾੜੇ ਕਾਰਨ ਪ੍ਰੀਤਮ ਦੀ ਅਜੋਕੀ ਕਹਾਣੀ-ਕਲਾ ਬਾਰੇ ਟਿਪਣੀ ਕਰਨਾ ਅਸੰਭਵ ਵਰਗਾ ਔਖਾ ਹੈ।

ਇਕ "ਪੰਜ ਪੀਰ" ਨੂੰ ਛੱਡ ਕੇ ਇਸ ਪੁਸਤਕ ਦੀਆਂ ਸਭ ਕਹਾਣੀਆਂ ਪ੍ਰੀਤਮ ਦੇ ਰੰਗੇ ਹੋਏ ਮਹਾਂਨਗਰੀ ਜੀਵਨ ਦੇ ਪਰਤੌ ਹਨ। ਉਹਦੀ ਨੀਝ ਤਿੱਖੀ ਤੇ ਵਿਸ਼ਾਲ ਅਤੇ ਪਰਗਟਾਊ ਸ਼ਕਤੀ ਪਰਬਲ ਹੈ। ਉਹਦੀਆਂ ਬਹੁਤੀਆਂ ਕਹਾਣੀਆਂ ਵਿਚ ਮਾਇਕ ਅਤੇ ਜਜ਼ਬਾਤੀ ਤੰਗੀਆਂ ਭੋਗ ਰਹੇ ਪਾਤਰਾਂ ਦਾ ਸਫਲ ਵਰਨਣ ਹੈ। ਵਿਸ਼ੇਸ਼ ਤੌਰ ਉਤੇ ਬਹੁਤ ਹੀ ਨਿੱਕੇ ਨਿੱਕੇ ਤੋੜਿਆਂ ਦਾ ਕਲੇਸ਼ ਭੋਗ ਰਹੇ ਪਾਤਰਾਂ ਦੀ ਮਾਨਸਿਕਤਾ ਦਾ ਉਹ ਵਧੀਆ ਚਿਤੇਰਾ ਹੈ। ਇਹ ਪਾਤਰ ਭਾਵੇਂ "ਤੰਗ ਸਲਵਾਰ" ਦਾ ਕਾਨੂੰਈਆ ਹੋਵੇ, "ਸ਼ਕਾਇਤ" ਦਾ ਨਿਰਜਲ ਕਵੀ ਹੋਵੇ, "ਨਵੇਂ ਪੁਰਾਣੇ" ਦੇ, "ਤੇਈ ਮਾਰਚ" ਦੇ ਤੇ "ਸੁਪਨੇ" ਦੇ ਅਨੇਕ ਪਾਤਰ ਹੋਣ, "ਲੁਟੇਰੇ" ਦੀ ਰੋਜ਼ੀ ਹੋਵੇ, ਜਾਂ "ਜੁੱਤੀ" ਦਾ ਮੈਂ ਹੋਵੇ।

ਪਰ ਪ੍ਰੀਤਮ ਦੀ ਨੀਝ ਦੀ ਤੀਖਣਤਾ ਅਤੇ ਵਿਸ਼ਾਲਤਾ ਇਕ ਸਮੱਸਿਆ ਵੀ ਖੜ੍ਹੀ ਕਰਦੀ ਹੈ—ਉਹ ਜਦੋਂ ਅਨੇਕਾਂ ਦੀ ਭੀੜ ਵਿਚ ਖਲੋਤੇ ਆਪਣੇ ਪਾਤਰਾਂ ਉਤੇ ਲੈਂਜ਼ ਸੇਧਦਾ ਹੈ ਤਾਂ ਤਸਵੀਰ ਵਿਚ ਅਣਗਿਣਤ ਹੋਰ ਬੇਲੋੜੇ ਅਤੇ ਅਣਚਾਹੇ ਮੂੰਹ ਵੀ ਆ ਜਾਂਦੇ ਹਨ। ਉਹਦੀਆਂ ਕਹਾਣੀਆਂ ਵਿਚ ਕੇਵਲ ਨਾਇਕ-ਨਾਇਕਾ ਤੇ ਸਹਾਇਕ ਪਾਤਰ ਹੀ ਨਹੀਂ ਹੁੰਦੇ, ਸਗੋਂ ਮੁਹਾਂਦਰਾ-ਰਹਿਤ ਐਕਸਟਰਾ ਵੀ ਵਡੀ ਗਿਣਤ ਵਿਚ ਹੁੰਦੇ ਹਨ। ਉਦਾਹਰਨ ਵਜੋਂ "ਅਰਬ ਗਲੀ" ਕਹਾਣੀ ਵਿਚ, ਜੀਹਨੂੰ ਇਸ ਪੁਸਤਕ ਦਾ ਨਾਂ ਦੇਣ ਦਾ ਮਾਣ ਮਿਲਿਆ ਹੈ, ਜੇ ਗਿਨਣੇ ਹੋਣ ਤਾਂ ਸ਼ਾਇਦ ਕਈ ਦਰਜਨ ਪਾਤਰ ਹੋਣ!

ਦੂਜੀ ਗੱਲ ਰੜਕਦੀ ਹੈ, ਖ਼ੂਬਸੂਰਤ ਕਹਾਣੀਆਂ ਦਾ ਪੇਤਲਾ ਅੰਤ। ਲਗਦਾ ਹੈ ਪ੍ਰੀਤਮ ਅੰਤ

ਤਕ ਪੁਜਦਾ ਹੋਇਆ ਅੱਕ ਜਾਂਦਾ ਹੈ। ਕਈ ਵਾਰ ਤਾਂ ਕਹਾਣੀ ਮੁੱਕਣ ਮਗਰੋਂ ਪਾਠਕ ਸੋਚਦਾ ਹੈ ਕਿ ਕਿਤੇ ਕੰਪੋਜ਼ੀਟਰ ਬਾਕੀ ਕਹਾਣੀ ਕੰਪੋਜ ਕਰਨੀ ਹੀ ਤਾਂ ਨਹੀਂ ਛੱਡ ਗਿਆ।

ਜੇ ਪ੍ਰੀਤਮ ਆਪਣੀਆਂ ਕਹਾਣੀਆਂ ਦੇ ਐਕਸਟਰਾ-ਸਪਲਾਇਰ ਨਾਲੋਂ ਨਾਤਾ ਤੋੜ ਦੇਵੇ ਅਤੇ ਅੰਤ ਵਲ ਵਧੇਰੇ ਸੁਚੇਤ ਹੋ ਜਾਵੇ, ਉਹਦੀ ਸਮਰਥਾ ਵਲ ਦੇਖਦਿਆਂ ਉਹ ਸਾਡਾ ਇਕ ਵਧੀਆ ਕਹਾਣੀਕਾਰ ਹੈ।

ਇਕ ਗੱਲ ਉਹਦੀ ਅਜੋਕੀ ਸੰਭਾਵਨਾ ਬਾਰੇ। ਪੁਸਤਕ ਵਿਚ ਗਿਆਰਾਂ ਕਹਾਣੀਆਂ 1962 ਤੋਂ 1966 ਤਕ ਦੇ ਦੌਰ ਵਿਚ ਬੰਬਈ ਰਹਿ ਕੇ ਲਿਖੀਆਂ ਗਈਆਂ ਹਨ। ਇਹਨਾਂ ਵਿਚੋਂ ਇਕ "ਜੁੱਤੀ" ਨੂੰ ਛੱਡ ਕੇ, ਜੋ ਨਿਮਨ-ਪੱਧਰ ਉਤੇ ਰਹਿ ਗਈ ਹੈ, ਬਾਕੀ ਸਭੇ ਚੰਗੀਆਂ ਕਹਾਣੀਆਂ ਹਨ। ਇਸ ਪਿਛੋਂ ਹਨ 1968 ਤੋਂ 1970 ਤੱਕ ਤਰਨ-ਤਾਰਨ ਅਤੇ ਅੰਮ੍ਰਿਤਸਰ ਰਹਿ ਕੇ ਲਿਖੀਆਂ ਹੋਈਆਂ ਤਿੰਨ ਕਹਾਣੀਆਂ—ਸਫਰ, ਕਾਲਾ ਮਾਸਟਰ ਅਤੇ ਅਰਬ ਗਲੀ। ਇਹਨਾਂ ਵਿਚ ਪ੍ਰੀਤਮ ਨੇ ਸ਼ਾਇਦ "ਆਧੁਨਿਕਤਾਵਦੀ" ਜਾਂ "ਅਕਹਾਣੀਕਾਰ" ਹੋਣ ਦਾ ਸੁਚੇਤ ਜਤਨ ਕੀਤਾ ਹੈ ਅਤੇ ਸਿੱਟੇ ਵਜੋਂ ਇਹ ਕਹਾਣੀਆਂ ਬਿਲਕੁਲ ਅਮੂਰਤ ਅਤੇ ਨਿਰਾਰਥਕ ਹੋ ਕੇ ਰਹਿ ਗਈਆਂ ਹਨ। 'ਸੱਜਰੀ" ਕਹਾਣੀ ਹੈ ਆਪਣੇ ਪਿੰਡ ਲੌਹਕੇ ਵਿਖੇ 1978 ਵਿਚ ਲਿਖੀ "ਲੁਟੇਰੇ"। ਇਹ ਵਧੀਆ ਕਹਾਣੀ ਸ਼ਾਮਲ ਕਰ ਕੇ ਪ੍ਰੀਤਮ ਨੇ ਬਹੁਤ ਚੰਗੀ ਗੱਲ ਕੀਤੀ ਹੈ। ਨਹੀਂ ਤਾਂ ਉਪਰੋਕਤ ਤਿੰਨੇ ਕਹਾਣੀਆਂ ਪੜ੍ਹ ਕੇ ਅਸੀਂ ਸੋਚਣਾ ਸੀ ਕਿ ਪ੍ਰੀਤਮ ਗਿਆ ਕੰਮ ਤੋਂ !

ਸੋ ਅੰਤ ਵਿਚ ਮੇਰੀ ਪ੍ਰੀਤਮ ਨੂੰ ਪਿਆਰ ਅਤੇ ਸਤਿਕਾਰ ਨਾਲ ਇਹੋ ਸਲਾਹ ਹੈ ਕਿ ਉਹ ਕਹਾਣੀ ਬੰਬਈ ਰਹਿ ਕੇ ਲਿਖੇ ਜਾਂ ਲੌਹਕੇ ਰਹਿ ਕੇ; ਅਗੇ ਤੋਂ ਤਰਨ-ਤਾਰਨ ਜਾਂ ਅੰਮ੍ਰਿਤਸਰ ਰਹਿ ਕੇ ਕਦੀ ਕਹਾਣੀ ਨਾ ਲਿਖੇ !

—ਗ. ਸ. ਭੁੱਲਰ

### ਅੱਧੀ ਸਦੀ ਦਾ ਜ਼ਹਿਰ

(ਰਾਮ ਸਰੂਪ ਅਣਖੀ ਦੇ 50 ਵਰ੍ਹੇ ਨੂੰ ਸਮਰਪਿਤ ਪੁਸਤਕ)
ਸੰਪਾਦਕ : ਗੁਰਬਚਨ ਸਿੰਘ ਭੁੱਲਰ
ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, ਦਿੱਲੀ; ਪੰਨੇ 112, ਮੁੱਲ 16 ਰੁਪਏ।

ਇਹ ਪੁਸਤਕ ਪਰਸਿੱਧ ਗਲਪਕਾਰ ਰਾਮ ਸਰੂਪ ਅਣਖੀ ਨੂੰ ਉਹਦੀ ਉਮਰ ਦੇ 50ਵੇਂ ਵਰ੍ਹੇ ਦੇ ਸੰਬੰਧ ਵਿਚ ਉਹਦੇ ਪਾਠਕਾਂ, ਪਰਸੰਸਕਾਂ ਤੇ ਲੇਖਕ ਮਿੱਤਰਾਂ ਵਲੋਂ ਉਹਨੂੰ ਸਨਮਾਨਿਤ ਕਰਨ ਦੇ ਮੌਕੇ ਉਤੇ ਛਾਪੀ ਗਈ ਹੈ। ਅਜਿਹੀਆਂ ਪੁਸਤਕਾਂ ਨੂੰ "ਅਭਿਨੰਦਨ" ਗ੍ਰੰਥ ਦਾ ਨਾਂ ਦਿਤਾ ਜਾਂਦਾ ਹੈ ਤੇ ਉਹਨਾਂ ਵਿਚ ਆਮ ਤੌਰ ਉਤੇ ਕੁਝ ਰਵਾਇਤੀ ਤੇ ਰਸਮੀ ਸੁਨੇਹੇ ਅਤੇ ਕਾਹਲੀ ਨਾਲ ਲਿਖੇ ਗਏ ਪੇਤਲੇ-ਪੇਤਲੇ ਲੇਖ ਹੁੰਦੇ ਹਨ। ਪਰ ਹਥਲੀ ਪੁਸਤਕ ਇਸ ਵਰਗ ਵਿਚ ਨਹੀਂ ਆਉਂਦੀ। ਇਹਦੇ ਵਿਚ ਸੁਨੇਹਿਆਂ ਵਿਚ ਸਮਾਂ ਗੁਆਉਣ ਦੀ ਥਾਂ ਚੋਣਵੀਆਂ ਤੇ ਨਿੱਗਰ ਲਿਖਤਾਂ ਪੇਸ਼ ਕੀਤੀਆਂ ਗਈਆਂ ਹਨ।

ਪੁਸਤਕ ਦਾ ਬਹੁਤੀ ਖਿੱਚ ਪਾਉਣ ਵਾਲਾ ਭੁੱਲਰ ਦਾ ਲੰਮਾ ਲੇਖ "ਅੱਧੀ ਸਦੀ ਦਾ ਜ਼ਹਿਰ" ਹੈ। ਇਹ ਭੁੱਲਰ ਦੀ ਅਣਖੀ ਨਾਲ ਮੁਲਾਕਾਤ ਉਤੇ ਆਧਾਰਤ ਹੈ। ਇਸ ਵਿਚ ਅਣਖੀ ਦੇ ਜ਼ਾਤੀ ਤੇ ਪਰਵਾਰਕ ਜੀਵਨ ਨੂੰ ਉਹਦੇ ਸਾਹਿਤ ਜੀਵਨ ਤੇ ਵਿਚਾਰਾਂ ਨਾਲ ਗੁੰਦ ਕੇ ਬੜੇ ਰੌਚਕ ਢੰਗ ਨਾਲ



ਪੇਸ਼ ਕੀਤਾ ਗਿਆ ਹੈ। ਅਣਖੀ ਨੇ ਇਸ ਮੁਲਾਕਾਤ ਵਿਚ ਪੰਜਾਬੀ ਸਾਹਿਤ ਦੇ ਵੱਖ ਵੱਖ ਪਹਿਲੂਆਂ ਉਤੇ ਬੜੀਆਂ ਕਰਾਰੀਆਂ ਗੱਲਾਂ ਆਖੀਆਂ ਹਨ। ਭੁੱਲਰ ਦੇ ਹੀ ਇਕ ਹੋਰ ਲੰਮੇ ਲੇਖ "ਅਣਖੀ ਦੀਆਂ ਕਹਾਣੀਆਂ ਅਤੇ ਵਿਦਰੋਹ ਦੀ ਭਾਵਨਾ" ਵਿਚ ਉਹਦੀਆਂ ਬਾਰਾਂ ਚੋਣਵੀਆਂ ਕਹਾਣੀਆਂ ਦੀ ਬੜੀ ਬਾਰੀਕੀ ਨਾਲ ਪੁਣਛਾਣ ਕੀਤੀ ਗਈ ਹੈ।

ਰਵਿੰਦਰ ਭੱਠਲ ਦੀ ਕਵਿਤਾ, ਅਣਖੀ ਦੀ ਪਤਨੀ ਸੋਭਾ ਦਾ ਲੇਖ ਅਤੇ ਜਸਵੰਤ ਸਿੰਘ ਤੇ ਕੇ. ਐਲ. ਗਰਗ ਦੇ ਲੇਖ ਇਕ ਮਨੁੱਖ ਵਜੋਂ, ਇਕ ਪਤੀ ਵਜੋਂ ਅਤੇ ਇਕ ਲੇਖਕ ਮਿੱਤਰ ਵਜੋਂ ਅਣਖੀ ਨੂੰ ਨਿੱਕੀਆਂ ਨਿੱਕੀਆਂ ਵਧੀਆਂ ਛੋਹਾਂ ਨਾਲ ਪਾਠਕਾਂ ਸਾਹਮਣੇ ਉਜਾਗਰ ਕਰਦੇ ਹਨ। ਇਹਤੋਂ ਇਲਾਵਾ ਅਣਖੀ ਦੇ ਆਪਣੇ ਲੇਖ "ਮੇਰਾ ਕਮਰਾ", "ਮੇਰੀ ਸਿਰਜਣ ਪ੍ਰਕਿਰਿਆ", "ਮੇਰੇ ਪਾਤਰ" ਅਤੇ "ਮੇਰੀ ਵਧੀਆ ਕਹਾਣੀ" ਇਕ ਸਿਰਜਕ ਲੇਖਕ ਵਜੋਂ ਉਹਦੇ ਅੰਦਰਲੇ ਸੰਸਾਰ ਉਤੇ ਭਰਵੀਂ ਝਾਤ ਪੁਆਉਂਦੇ ਹਨ। ਅੰਤ ਵਿਚ ਵੱਖ ਵੱਖ ਸਮਿਆਂ ਦੀਆਂ ਲਿਖਤਾਂ, ਰੀਵਿਊਆਂ ਅਤੇ ਚਿੱਠੀਆਂ ਵਿਚੋਂ ਦਿਤੀਆਂ ਗਈਆਂ ਅਨੇਕਾਂ ਵਿਦਵਾਨਾਂ ਦੀਆਂ ਸੰਖੇਪ ਟਿਪਣੀਆਂ ਹਨ ਜੋ ਦੂਜੇ ਲੇਖਕਾਂ ਤੇ ਵਿਦਵਾਨਾਂ ਵਲੋਂ ਕੀਤਾ ਗਿਆ ਅਣਖੀ ਦੀ ਕਲਾ ਦਾ ਮੁਲੰਕਣ ਪੇਸ਼ ਕਰਦੀਆਂ ਹਨ।

ਪਾਠਕ ਜਦੋਂ ਕਿਸੇ ਲੇਖਕ ਦੀਆਂ ਰਚਨਾਵਾਂ ਨੂੰ ਉਹਦੀਆਂ ਪੁਸਤਕਾਂ ਜਾਂ ਅਖ਼ਬਾਰਾਂ-ਰਸਾਲਿਆਂ ਵਿਚ ਪੜ੍ਹਦੇ ਹਨ ਤਾਂ ਉਹਨਾਂ ਅੰਦਰ ਉਹਦੇ ਆਮ ਜੀਵਨ ਨੂੰ, ਉਹਦੀਆਂ ਰੁਚੀਆਂ ਤੇ ਆਦਤਾਂ ਨੂੰ ਅਤੇ ਰਚਨਾ ਕਰਨ ਸਮੇਂ ਪਾਰ ਕੀਤੇ ਗਏ ਉਹਦੇ ਮਾਨਸਿਕ ਪੰਧ ਨੂੰ ਜਾਣਨ ਦੀ ਤੀਬਰ ਤੇਹ ਜਾਗਦੀ ਹੈ। ਇਹ ਪੁਸਤਕ ਪਾਠਕ ਦੀ ਇਸੇ ਤੇਹ ਨੂੰ ਸਫਲਤਾ ਨਾਲ ਤਰਿਪਤ ਕਰਦੀ ਹੈ।—ਜਗਦੀਸ਼ ਕੌਸ਼ਲ


### ਗ਼ਦਰ ਪਾਰਟੀ ਲਹਿਰ

"...ਇਹ ਪੁਸਤਕ ਇਸ ਲਹਿਰ ਬਾਬਤ ਸਭ ਤੋਂ ਵਧੀਆ ਤੇ ਪ੍ਰਮਾਣੀਕ ਗਿਣੀ ਜਾ ਸਕਦੀ ਹੈ,' ਪ੍ਰਿੰਸੀਪਲ ਤੇਜਾ ਸਿੰਘ

ਵਡਾ ਸਾਈਜ਼, ਆਫ਼ਸੈੱਟ ਪ੍ਰਿੰਟਿੰਗ, ਪੱਕੀ ਸੁੰਦਰ ਜਿਲਦ, ਸਫ਼ੇ 183, ਮੁਲ : 30 ਰੁਪੈ,
ਰਕਮ ਮਨੀਆਰਡਰ ਦੁਆਰਾ ਸੇਧ ਨੂੰ ਭੇਜ ਕੇ ਇਹ ਪੁਸਤਕ ਪ੍ਰਾਪਤ ਕਰੋ।


ਸੇਧ ਦਾ ਸਾਲਾਨਾ ਚੰਦਾ ਜਾਂ ਲਾਈਫ-ਮੈਂਬਰੀ ਭੇਜਣ ਲਗਿਆਂ ਆਪਣੇ ਸਰਨਾਵੇਂ ਦੇ ਨਾਲ PIN ਨੰਬਰ ਵੀ ਲਿਖੋ ਅਤੇ ਚਿੱਠੀ-ਪੱਤਰ ਕਰਦੇ ਸਮੇਂ ਆਪਣੇ-ਚਿੱਟ-ਨੰਬਰ ਦਾ ਹਵਾਲਾ ਜ਼ਰੂਰ ਦਿਓ। ਬੈਂਕ-ਡਰਾਫ਼ਟ ਸਿਰਫ਼ SEDH ਦੇ ਨਾਂ ਹੀ ਹੋਣਾ ਚਾਹੀਦਾ ਹੈ। ਬੈਂਕ ਕੋਈ ਵੀ ਹੋਵੇ।

o ਸੋਨੇ ਦਾ 'ਤਗਮਾ' ਮੁਬਾਰਿਕ ! ਆਪਣੀ ਟਿੱਪਣੀ (ਸੇਧ, ਜੁਲਾਈ 81) ਰਾਹੀਂ ਮੈਂ ਇਹ ਨੁਕਤਾ ਉਠਾਇਆ ਸੀ ਕਿ ਈਗਨ ਸ ਵਾਂਗ ਪ੍ਰੋ: ਤੇਜਵੰਤ ਮਾਨ ਸਾਹਿੱਤ ਵਿਚ ਸਿਆਸਤ ਅਤੇ ਵਚਨਬਧਤਾ ਦੇ ਮਸਲੇ ਨੂੰ ਬੜੇ ਪੇਤਲੇ ਅਤੇ ਸਿੱਧੜ ਢੰਗ ਨਾਲ ਲੈਂਦਾ ਹੈ। ਉਸ ਦਾ ਢੰਗ ਮਕਾਨਕੀ ਤੇ ਸੋਚ ਅੰਤਰਮੁਖੀ ਹੈ। ਪ੍ਰੋ: ਮਾਨ ਨੂੰ ਚਿੜ੍ਹਾਉਣ ਦੀ ਵੀ ਮੇਰੀ ਕੋਈ ਇੱਛਾ ਨਹੀਂ ਸੀ, ਇਸੇ ਕਰ ਕੇ ਪ੍ਰੋ: ਗੁਰਦਿਆਲ ਸਿੰਘ ਬਾਰੇ ਉਨ੍ਹਾਂ ਵਲੋਂ ਵਰਤੀ ਗਈ ਦੁਰਭਾਸ਼ਾ ਦਾ ਜ਼ਿਕਰ ਕਰਨੋਂ ਵੀ ਮੈਂ ਸੰਕੋਚ ਕੀਤਾ ਸੀ। 'ਗੁਦੜਮਾਲ' ਤੇ 'ਕੋੜ੍ਹਵਾਦ' ਆਦਿ ਸ਼ਬਦ ਮੈਂ ਕੋਲੋਂ ਨਹੀਂ ਸੀ ਘੜੇ ਸਗੋਂ ਆਲੋਚਨਾ-ਖੇਤਰ ਵਿਚ ਏਂਗਲਜ਼ ਤੇ ਸਾਰਤ੍ਰ ਰਾਹੀਂ ਪਹਿਲਾਂ ਹੀ ਵਰਤੇ ਹੋਇਆਂ ਨੂੰ ਦਲੀਲ ਦੇ ਤੌਰ 'ਤੇ ਲਿਆ ਸੀ। ਪਰ ਪ੍ਰੋ: ਤੇਜਵੰਤ ਮਾਨ ਅਤੇ ਉਨ੍ਹਾਂ ਦਾ ਛੋਟਾ ਵੀਰ ਜਸਪਾਲ ਮਾਨ ਏਨੀ ਕੁ ਗੱਲ 'ਤੇ ਹੀ ਆਪਣੇ ਕਪੜੇ ਪਾੜਣ ਲੱਗ ਪਏ। ਮੇਰੇ ਅਸਲੀ ਨੁਕਤੇ ਦਾ ਜਵਾਬ ਦੇਣ ਦੀ ਥਾਂ ਉਹ ਹੋਰ ਹੀ ਏਧਰ-ਓਧਰ ਦੀਆਂ ਮਾਰਨ ਲੱਗ ਪਏ। ਭਲਾ ਇਹਨਾਂ ਗੱਲਾਂ ਦਾ ਮੇਰੇ ਵਲੋਂ ਉਠਾਏ ਗਏ ਨੁਕਤੇ ਨਾਲ ਕੀ ਸੰਬੰਧ ਹੈ ?

— ਅਜਮੇਰ ਸਿੰਘ ਔਲਖ ਕਿਸ਼ਨ ਸਿੰਘ, ਜਸਵੰਤ ਸਿੰਘ ਕੰਵਲ, ਸੁਰਿੰਦਰ ਸਿੰਘ ਨਰੂਲਾ ਤੇ 'ਜੋਗੀ ਉਤਰ ਪਹਾੜੋਂ ਆਏ' (ਸੁਰਜੀਤ ਲੀ) ਦੀ ਢਾਣੀ ਨਾਲ ਮਿਲ ਕੇ ਮਾਰਕਸਵਾਦ ਨੂੰ ਖੁੰਢਾ ਕਰਨ ਦੀ ਸਾਜਿਸ਼ ਘੜ ਰਿਹਾ ਹੈ।
— ਸਾਰੇ ਜਾਣਦੇ ਹਾਂ ਕਿ ਅਜਮੇਰ ਔਲਖ ਕਾਫੀ ਸਮਾਂ 'ਰਾਜ ਸਤਾ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ' ਵਾਕ ਦੀ ਰਟ ਲਾਉਂਦਾ ਰਿਹਾ ਹੈ।
— ਅਜਮੇਰ ਔਲਖ ਦੇ ਨਾਟਕ ਵੀ 'ਗੁਦੜਮਾਲ' ਹੀ ਹਨ।
— ਅਜਮੇਰ ਸਿੰਘ ਔਲਖ ਯੂਨੀਵਰਸਿਟੀ ਦਾ 'ਜਾਦੂਗਰ' ਖੋਜੀ ਵਿਦਿਆਰਥੀ ਹੈ (ਇਸ ਲਈ ਉਹ ਆਲੋਚਨਾ ਕੀ ਕਰੂ ? ਸੁਆਹ ਤੇ ਖੇਹ !)
— ਪ੍ਰੋ: ਤੇਜਵੰਤ ਮਾਨ ਨੇ ਤਾਂ ਗੁਰਦਿਆਲ ਸਿੰਘ ਦੀ ਪਿੱਠ ਲਾ ਦਿਤੀ ਸੀ; ਔਲਖ ਕੌਣ ਹੁੰਦਾ ਹੈ ਗੁਰਦਿਆਲ ਸਿੰਘ ਨੂੰ ਬਚਾਉਣ ਵਾਲਾ ?
— ਪ੍ਰੋ: ਤੇਜਵੰਤ ਮਾਨ ਨੂੰ ਤਾਂ 'ਮਾਰਕਸਵਾਦ ਦਾ ਗਰਭ' ਠਹਿਰਿਆ ਹੋਇਆ ਹੈ, ਔਲਖ ਨੇ ਖਾਹ-ਮਖਾਹ ਪਰੇਡ ਵਿਚ ਸ਼ਾਮਿਲ ਕਰ ਕੇ 'ਲਪਟ-ਰਾਈਟ' ਕਰਵਾਉਣਾ ਸ਼ੁਰੂ ਕਰ ਦਿਤਾ ਹੈ।

ਹੁਣ ਇਹਨਾਂ ਬੇਥਵੀਆਂ ਦਾ ਜੇ ਮੈਂ ਜਵਾਬ ਦੇਣ ਲੱਗਾਂ ਤਾਂ ਪਾਠਕ ਸਮਝ ਸਕਦੇ ਹਨ ਕਿ ਬਹਿਸ ਕਿਥੋਂ ਦੀ ਕਿਥੇ ਜਾ ਸਕਦੀ ਹੈ ? ਮਾਨ ਭਰਾਵੋ ! ਜੇ ਬਹਿਸ ਦਾ ਇਹੋ ਪੱਧਰ ਰਖਣਾ ਹੈ ਤਾਂ ਮੇਰੇ ਹੱਥ ਖੜੇ ਨੇ। ਸੋਨੇ ਦਾ 'ਤਗਮਾ' ਤੁਹਾਨੂੰ ਮੁਬਾਰਿਕ !

—ਅਜਮੇਰ ਸਿੰਘ ਔਲਖ



o ਇਕ ਪੱਤਰ : ਮੈਂ ਬੜੇ ਗੌਰ ਨਾਲ ਡਾ: ਦਲੀਪ ਕੌਰ ਟਿਵਾਣਾ ਦਾ ਨਿਬੰਧ "ਯੂਨੀਵਰ-ਸਿਟੀਆਂ ਵਿਚ ਪੰਜਾਬੀ ਐਮ. ਏ. ਦੀ ਪੜ੍ਹਾਈ ਦਾ ਮੰਤਵ ਤੇ ਆਦਰਸ਼" ਪੜ੍ਹਿਆ। ਇਹ ਨਿਬੰਧ ਜਿਥੋਂ ਤਕ ਗਿਆ ਹੈ ਚੰਗਾ ਤੇ ਸੁਝਾਓ ਪੂਰਨ ਹੈ, ਪਰ ਮੇਰੀ ਰਾਏ ਵਿਚ ਇਹ ਬਹੁਤ ਦੂਰ ਨਹੀਂ ਜਾ ਸਕਿਆ। ਆਦਰਸ਼ ਦੀ ਗੱਲ ਤਾਂ ਛੇੜੀ ਗਈ ਹੈ ਪਰ ਇਹ ਨਹੀਂ ਦਸਿਆ ਗਿਆ ਕਿ ਇਹਨਾਂ ਆਦਰਸ਼ਾਂ ਨੂੰ Objective Correlative ਦੁਆਰਾ ਜਾਂ ਕਹਿ ਲਓ ਕਿਹੜੀਆਂ ਪੁਸਤਕਾਂ ਦੁਆਰਾ ਨੇਪਰੇ ਚੜ੍ਹਾਣਾ ਹੈ।

ਟਿਵਾਣਾ ਨੇ ਲਿਖਿਆ ਹੈ : "ਇਹ ਸਭ ਕੁਝ ਆਖ ਕੇ ਸਿਰਫ ਇਕ ਗੱਲ ਮੈਂ ਹੋਰ ਆਖਣੀ ਚਾਹਾਂਗੀ ਕਿ ਸਿਲੇਬਸ ਵਿਚ ਭਾਵੇਂ ਚਿੜੀ ਦੀ ਕਹਾਣੀ ਲਗਾ ਦਿਓ ਤੇ ਭਾਵੇਂ ਸੰਸਾਰ ਦੀਆਂ ਕਲਾਸਿਕਸ, ਇਹ ਏਨਾ ਫਰਕ ਨਹੀਂ ਪਾਉਂਦਾ ਜਿੰਨਾ ਫਰਕ ਇਹ ਗੱਲ ਪਾਉਂਦੀ ਹੈ ਕਿ ਉਸ ਸਿਲੇਬਸ ਨੂੰ ਪੜ੍ਹਾਇਆ ਕਿਵੇਂ ਜਾਣਾ ਹੈ ਤੇ ਉਸ ਦੀ ਵਿਆਖਿਆ ਕਿਵੇਂ ਕੀਤੀ ਜਾਂਦੀ ਹੈ।" ਇਸ ਦਾ ਅਰਥ ਹੋਇਆ ਕਿ ਗੱਲ ਵਾਸਤਵ ਵਿਚ ਸਿਲੇਬਸ ਦੀ ਹੈ ਹੀ ਨਹੀਂ, ਦਿਲ ਕਰੇ ਕਿਸੀ ਵੀ ਕਿੱਸੇ-ਕਹਾਣੀ ਨੂੰ ਸਿਲੇਬਸ ਦਾ ਅੰਗ ਬਣਾ ਦਿਓ ; ਗੱਲ ਤਾਂ ਵਾਸਤਵ ਵਿਚ ਸਿਲੇਬਸ ਨੂੰ ਪੜ੍ਹਾਉਣ ਵਾਲੇ ਵਿਆਖਿਆਕਾਰਾਂ ਦੀ ਨਾਮ ਸੂਚੀ ਹੀ ਤਿਆਰ ਕਰਨਾ ਹੈ। ਸਾਧਾਰਨ ਚਿੜੀ ਦੀ ਕਹਾਣੀ ਤੇ ਕਲਾਸਿਕ ਵਿਚ ਜ਼ਮੀਨ-ਆਸਮਾਨ ਦਾ ਅੰਤਰ ਹੈ ਜਿਹਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਕਲਾਸਿਕ ਕੋਈ ਸਾਧਾਰਨ ਰਚਨਾ ਥੋੜਾ ਹੁੰਦੀ ਹੈ; ਇਹ ਤਾਂ ਕਲਾਤਮਕ ਦ੍ਰਿਸ਼ਟੀ ਨਾਲ ਬਹੁਤ ਵੱਡੇ ਦਰਜੇ ਦੀ ਰਚਨਾ ਹੁੰਦੀ ਹੈ ਤੇ ਕੁਝ ਸਦੀਵੀ ਕਦਰਾਂ ਦਾ ਪ੍ਰਗਟਾਵਾ ਹੁੰਦੀ ਹੈ। ਜੇ ਰਚਨਾ ਹੀ ਉੱਚ ਪੱਧਰ ਦੀ ਨਾ ਹੋਵੇਗੀ, ਤਾਂ ਵਿਆਖਿਆਕਾਰ ਕੀ ਕਰ ਲਵੇਗਾ ? ਮੇਰੀ ਰਾਏ ਵਿਚ ਸਿਰਫ ਕਲਾਸਿਕਸ ਨੂੰ ਹੀ ਸਿਲੇਬਸ ਵਿਚ ਥਾਂ ਮਿਲ ਸਕਦੀ ਹੈ, ਕਿਸੇ ਚਿੜੀ ਦੀ ਕਹਾਣੀ ਨੂੰ ਨਹੀਂ।

ਫਿਰ ਇਹ ਕਿਵੇਂ ਭੁਲਾਇਆ ਜਾ ਸਕਦਾ ਹੈ ਕਿ ਸਾਹਿੱਤ ਦੇ ਰਾਹੀਂ ਜੋ ਕੁਝ ਵੀ ਵਿਅਕਤ ਕੀਤਾ ਜਾਂਦਾ ਹੈ, ਉਸ ਦਾ ਕਲਾਤਮਕ ਦ੍ਰਿਸ਼ਟੀ ਵਜੋਂ ਇੰਨਾ ਮਹਤਵ ਨਹੀਂ ਜਿੰਨਾ ਕਿ ਉਹਨਾਂ ਪ੍ਰਗਟਾਵੇ ਦੀਆਂ ਵਿਧੀਆਂ ਦਾ ਜਿਹੜੀਆਂ ਮੈਟਰ ਨੂੰ ਵਿਅਕਤ ਕਰਦੀਆਂ ਹਨ।

ਸਿਲੇਬਸ ਦਾ ਸੰਬੰਧ ਕਿਸੇ ਇਕ ਯੁਗ ਚੇਤਨਾ ਨਾਲ ਨਾ ਹੀ ਜੋੜਿਆ ਜਾ ਸਕਦਾ ਹੈ ਤੇ ਨਾ ਹੀ ਸ਼ਾਇਦ ਅੱਜ ਤਕ ਜੋੜਿਆ ਗਿਆ ਹੈ। ਇਸ ਵਿਚ ਤਾਂ ਭਿੰਨ ਭਿੰਨ ਯੁਗ ਚੇਤਨਾਵਾਂ ਲਈ ਥਾਂ ਹੁੰਦੀ ਹੈ ਤੇ ਸਿਲੇਬਸ ਵਿਚ ਤਾਂ ਚੇਤਨਾ ਦੇ ਵਿਕਾਸ ਦੀ ਸਾਰੀ ਯਾਤਰਾ ਦਾ ਲੇਖਾ ਜੋਖਾ ਹੋਣਾ ਚਾਹੀਦਾ ਹੈ।

ਫਿਰ ਕਿਸੇ ਵੀ ਯੁਗ ਚੇਤਨਾ ਨੂੰ ਸਦੀਵੀ ਨਹੀਂ ਮੰਨਿਆ ਜਾ ਸਕਦਾ। ਚੇਤਨਾ ਤਾਂ ਸਦਾ ਪਰਿਵਰਤਨਸ਼ੀਲ ਹੈ। ਟਿਵਾਣਾ ਨੇ ਲਿਖਿਆ ਹੈ : "ਵਰਤਮਾਨ ਯੁਗ ਵਿਚ ਗਿਆਨ, ਵਿਗਿਆਨ, ਮਨੋਵਿਗਿਆਨ ਤੇ ਅਰਥ ਵਿਗਿਆਨ ਦੀਆਂ ਪਰਾਪਤੀਆਂ ਨੇ ਸ਼ਕਤੀ ਰੱਬ ਤੇ ਮਨੁਖ ਦੋਵਾਂ ਪਾਸੋਂ ਵਾਪਸ ਲੈ ਕੇ ਫੈਸਲਾ ਇਹ ਦਿਤਾ ਹੈ ਕਿ ਹੋਣੀ ਸਮਾਜਕ ਜਾਂ ਮਾਨਵਿਕ ਸਥਿਤੀਆਂ ਉਤੇ ਆਧਾਰਿਤ ਹੈ।" Destiny is social or situational.

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਫੈਸਲਾ ਅੰਤਿਮ ਜਾਂ ਅਟਲ ਹੈ। ਇਹ ਫੈਸਲਾ ਅੰਤਿਮ ਨਹੀਂ ਹੈ, ਯੁਗ ਬਦਲਦੇ ਹੀ ਚੇਤਨਾ ਵਿਚ ਫਿਰ ਤਬਦੀਲੀਆਂ ਆ ਜਾਣੀਆਂ ਹਨ। ਵਿਸ਼ਵ

ਦੀ ਸਥਿਤੀ ਤੇ ਗਿਆਨ ਬੜਾ ਗੁੰਝਲਦਾਰ ਹੁੰਦਾ ਹੈ। ਫੈਸਲੇ ਸਰਲ ਤੇ ਇਕ-ਪੱਖੀ ਨਹੀਂ ਹੁੰਦੇ, ਉਹ ਵੀ ਬੜੇ ਪੇਚੀਦੇ ਹੁੰਦੇ ਹਨ।

ਮੇਰਾ ਆਪਣਾ ਇਹ ਸੁਝਾਓ ਹੈ ਕਿ ਐਮ. ਏ. ਦੇ ਵਿਦਿਆਰਥੀਆਂ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਧੁਨਿਕ ਸਮਾਜ ਸ਼ਾਸਤਰ ਤੇ ਮਨੋਵਿਗਿਆਨ ਦੇ ਮੁਢਲੇ ਸਿਧਾਂਤਾਂ ਨਾਲ ਚੰਗੀ ਤਰ੍ਹਾਂ ਪਰਿਚਿਤ ਹੋਣ ਤੇ ਜੇਕਰ ਇਕ ਸਿਧਾਂਤ ਤੇ ਉਹਨਾਂ ਦਾ ਸਾਹਿਤ ਉਤੇ ਪ੍ਰਭਾਵ ਵੀ ਸਿਲੇਬਸ ਵਿਚ ਸ਼ਾਮਿਲ ਕਰ ਲਿੱਤਾ ਜਾਵੇ, ਇਹ ਬਹੁਤ ਲਾਭਦਾਇਕ ਸਿਧ ਹੋਵੇਗਾ।

ਇਕ ਹੋਰ ਸੁਝਾਉ। ਐਮ. ਏ. ਦੇ ਸਿਲੇਬਸ ਵਿਚ 'ਸਿਰਜਣਾ' ਦਾ ਇਕ ਪੇਪਰ ਜ਼ਰੂਰ ਸ਼ਾਮਿਲ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਤੋਂ ਇਸ ਪੇਪਰ ਦੇ ਰਾਹੀਂ ਮੰਗ ਕੀਤੀ ਜਾਵੇ ਕਿ ਉਹ ਖੁਦ ਨਜ਼ਮਾਂ, ਕਹਾਣੀਆਂ, ਮਿਨੀ ਕਹਾਣੀਆਂ ਆਦਿ ਲਿਖਣ। ਇਹਨਾਂ ਦਾ ਫਿਰ ਕਲਾਸ ਰੂਮ ਵਿਚ ਮੂਲਾਂਕਣ ਕੀਤਾ ਜਾਵੇ। ਆਪਣੀ ਰਚਨਾ ਦੇ ਰਾਹੀਂ ਹੀ ਵਿਦਿਆਰਥੀ ਦਸੇ ਕਿ ਉਸ ਦੀ ਉਸ ਰਚਨਾ ਵਿਚ ਤੇ ਵੈਸੀਆਂ ਹੀ ਹੋਰ ਰਚਨਾਵਾਂ ਵਿਚ ਕੀ ਰਚਨਾ-ਪ੍ਰਕ੍ਰਿਆ ਰਹੀ ਹੈ। ਵਿਭਾਗ ਦੀ 'ਆਪਣੀ ਪਤ੍ਰਿਕਾ ਹੋਵੇ, ਜਿਸ ਵਿਚ ਚੰਗੀਆਂ ਤੇ ਸਾਂਭਣਯੋਗ ਰਚਨਾਵਾਂ ਨੂੰ ਛਾਪਿਆ ਜਾਵੇ। ਇਹਨਾਂ ਰਚਨਾਵਾਂ ਦੇ ਆਧਾਰ ਉਤੇ ਹੀ ਇਸ ਪੇਪਰ ਵਿਚ ਨੰਬਰ ਦਿਤੇ ਜਾਣ।

ਖੈਰ ਟਿਵਾਣਾ ਜੀ ਨੇ ਬਹੁਤ ਚੰਗਾ ਪੇਪਰ ਲਿਖਿਆ ਹੈ ਤੇ ਇਸ ਲਈ ਮੈਂ ਉਹਨਾਂ ਨੂੰ ਵਧਾਈ ਦੇਂਦਾ ਹਾਂ।—

ਡਾ: ਓ. ਪੀ. ਗੁਪਤਾ

o "ਪੱਛਮੀ ਆਲੋਚਨਾ ਪ੍ਰਣਾਲੀਆਂ ਤੇ ਪੰਜਾਬੀ ਆਲੋਚਨਾ"—ਇਕ ਪ੍ਰਤਿਕਰਮ : ਪੱਛਮੀ ਆਲੋਚਨਾ ਪ੍ਰਣਾਲੀਆਂ ਤੇ ਪੰਜਾਬੀ ਆਲੋਚਨਾ ਦੇ ਪ੍ਰਸੰਗ ਵਿਚ ਡਾ: ਰਵਿਦਰ ਸਿੰਘ ਰਵੀ ਦੇ ਨਿਬੰਧਾਂ ਦੀ ਚਰਚਾ ਉਪਰੋਂ ਥਲੀ ਦਸੰਬਰ 1978 ਤੋਂ ਬਾਅਦ ਜਾਰੀ ਰਿਹਾ ਹੈ। ਇੰਨ੍ਹਾਂ ਨਿਬੰਧਾਂ ਵਿਚ ਡਾ: ਰਵੀ ਨੇ ਨਵ-ਅਮਰੀਕੀ ਆਲੋਚਨਾ ਦੇ ਵਿਚਾਰਧਾਰਕ ਮੁਹਾਜ਼ ਨੂੰ ਤੇ ਇਸ ਨਾਲ ਸੰਬੰਧਿਤ ਪ੍ਰਮੁਖ ਆਲੋਚਨਾਤਮਕ ਸੰਕਲਪਾਂ ਨੂੰ ਸਾਂਸਕ੍ਰਿਤਕ ਜੀਵਨ ਕੀਮਤਾਂ ਤੇ ਵਿਸ਼ਵ ਦ੍ਰਿਸ਼ਟੀਕੋਣ ਦੇ ਸੰਦਰਭ ਵਿਚ ਸਮਝਣ ਦਾ ਜਤਨ ਕੀਤਾ ਹੈ। ਦਰਅਸਲ ਇਸ ਸਮੇਂ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਇਕ ਅਜੀਬ ਕਿਸਮ ਦੀ ਰਹਸਮਈ ਸਥਿਤੀ ਤੇ ਰੌਲ-ਘਚੋਲਾ ਵਾਪਰਿਆ ਪਿਆ ਹੈ। ਇਸ ਘੜਮੱਸ ਸਥਿਤੀ ਵਿਚ ਕੁਝ ਨਵ-ਆਲੋਚਕ ਬੁਰਜਵਾ ਜੀਵਨ ਕੀਮਤਾਂ ਨਾਲ ਭਿਆਲੀ ਪਾ ਰਹੇ ਹਨ ਤੇ ਇਸੇ ਦ੍ਰਿਸ਼ਟੀਕੋਣ ਅਧੀਨ ਪੰਜਾਬੀ ਆਲੋਚਨਾ ਨੂੰ ਵਧ ਵਿਗਿਆਨਕ ਤੇ ਬਾਹਰਮੁਖੀ ਬਨਾਉਣ ਦਾ ਭਰਮ ਪਾ ਰਹੇ ਹਨ। ਏਨਾ ਕੁਝ ਹੋਣ ਦੇ ਬਾਵਜੂਦ ਵੀ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਮਾਰਕਸਵਾਦੀ ਪ੍ਰਣਾਲੀ ਹੀ ਭਾਰੂ ਰਹੀ ਹੈ। ਇਸ ਪ੍ਰਣਾਲੀ ਦੇ ਅੰਤਰਗਤ ਦੋ ਪ੍ਰਮੁੱਖ ਮਾਰਕਸਵਾਦੀ ਆਲੋਚਕਾਂ ਦੇ ਨਾਂ ਹੀ ਚਰਚਿਤ ਹਨ—ਇਕ ਪ੍ਰੋ: ਕਿਸ਼ਨ ਸਿੰਘ ਦਾ ਤੇ ਦੂਜਾ ਪ੍ਰੋ: ਸੰਤ ਸਿੰਘ ਸੇਖੋਂ ਦਾ। ਇਹ ਦੋਵੇਂ ਆਲੋਚਕ ਆਪਣੀਆਂ ਪੁਸਤਕਾਂ ਵਿਚਲੇ ਸਵੈ-ਵਿਰੋਧਾਂ ਤੋਂ ਇਲਾਵਾ ਮਾਰਕਸਵਾਦੀ ਅਧਿਐਨ ਪ੍ਰਣਾਲੀ ਸੰਬੰਧੀ ਵੀ ਸੰਤੁਲਿਤ ਦ੍ਰਿਸ਼ਟੀਕੋਣ ਨਹੀਂ ਅਪਣਾ ਸਕੇ। ਇਨ੍ਹਾਂ ਦੋਵਾਂ ਆਲੋਚਕਾਂ ਦੀ ਆਲੋਚਨਾ ਦਾ ਮੂਲ ਆਧਾਰ ਵੀ ਸਨਾਤਨੀ ਮਾਰਕਸਵਾਦ ਜਾਂ ਪੱਛਮ ਦੇ ਕੁਝ ਕੁ ਮੁਢਲੇ ਮਾਰਕਸੀ ਚਿੰਤਕ ਜਿੰਨ੍ਹਾਂ ਵਿਚੋਂ ਪ੍ਰਮੁੱਖ ਤੌਰ 'ਤੇ ਰਾਲਫ, ਫ਼ਾਕਸ, ਹਾਵਰਡ ਫ਼ਾਸਟ, ਕ੍ਰਿਸਟਾਫ਼ਰ ਕਾਡਵੈਲ ਤੇ ਜਾਰਜ ਥਾਮਸਨ ਹੀ ਰਹੇ ਹਨ। ਪੱਛਮ ਵਿਚ ਖ਼ੁਦ ਮਾਰਕਸਵਾਦੀ ਸੁਹਜ ਸ਼ਾਸਤਰ ਇਨ੍ਹਾਂ ਆਲੋਚਕਾਂ ਤੋਂ ਕਈ ਪੀੜ੍ਹੀਆਂ ਅੱਗੇ ਪਹੁੰਚ ਚੁੱਕਾ ਹੈ। ਉਸ ਵਿਕਸਿਤ-ਮਾਰਕਸਵਾਦ ਜਾਂ ਨਵ-ਮਾਰਕਸਵਾਦ ਨਾਲ ਸੰਬੰਧਿਤ ਸੰਕਲਪਾਂ ਦੇ ਵਿਚਾਰ-



ਧਾਰਕ ਪਿਛੋਕੜ ਨੂੰ ਸਮਝਣਾ ਉਕਤ ਆਲੋਚਕਾਂ ਦੇ ਵਿਵੇਕ ਤੋਂ ਬਾਹਰ ਦੀ ਗੱਲ ਹੈ।

ਮੇਰੀ ਜਾਚੇ ਇਸ ਨਵ-ਮਾਰਕਸਵਾਦ ਜਾਂ ਵਿਕਸਿਤ ਮਾਰਕਸਵਾਦ ਨੂੰ ਪਛਾਣਨ ਵਾਲੀ ਦੂਜੀ ਪੀੜ੍ਹੀ ਦਾ ਉਦੈ ਪੰਜਾਬੀ ਆਲੋਚਨਾ ਵਿਚ ਹੋ ਚੁਕਾ ਹੈ। ਇਹਨਾਂ ਨਵ-ਮਾਰਕਸੀ ਆਲੋਚਕਾਂ ਵਿਚੋਂ ਡਾ: ਰਵੀ ਸਿਰਕਢ ਆਲੋਚਕ ਹੈ। ਡਾ: ਰਵੀ ਦੀ ਆਲੋਚਨਾ ਦੀ ਵਿਲੱਖਣਤਾ ਦਾ ਮੂਲ ਆਧਾਰ ਉਸ ਦਾ ਸਾਹਿਤਕ-ਕਿਰਤ ਪ੍ਰਤੀ ਤੇ ਸਾਹਿਤਕ ਆਲੋਚਨਾ ਪ੍ਰਤੀ ਸੰਤੁਲਿਤ ਜਾਂ ਮਾਰਕਸਵਾਦੀ ਸ਼ਬਦਾਵਲੀ ਵਿਚ ਡਾਇਲੈਕਟੀਕਲ ਰਿਸ਼ਤੇ ਨੂੰ ਬਰਕਰਾਰ ਰੱਖਣਾ ਹੈ। ਇਸ ਤੋਂ ਇਲਾਵਾ ਪੰਜਾਬੀ ਵਿਚ ਪ੍ਰਚਲਤ ਆਲੋਚਨਾ ਵਿਧੀਆਂ ਦੇ ਸਹੀ ਵਿਚਾਰਧਾਰਕ ਸੁਭਾਅ ਨੂੰ ਨਿਸਚਿਤ ਕਰਨਾ ਹੈ। ਪੰਜਾਬੀ ਦੇ ਹੋਰ ਨਵ-ਆਲੋਚਕ ਪੱਛਮੀ ਆਲੋਚਨਾ ਪ੍ਰਣਾਲੀਆਂ ਨੂੰ ਜਿਸ ਪ੍ਰਕਾਰ ਤੋੜ ਮਰੋੜ ਕੇ ਜੀਵਨ ਕੀਮਤਾਂ ਤੋਂ ਮੁਕਤ ਰੂਪ ਵਿਚ ਪੇਸ਼ ਕਰ ਰਹੇ ਹਨ ਉਨ੍ਹਾਂ ਦਾ ਸਹੀ ਪਾਜ 'ਨਵ-ਅਮਰੀਕੀ ਆਲੋਚਨਾ' ਸਿਰਲੇਖ ਅਧੀਨ ਛਪੇ ਨਿਬੰਧਾਂ ਵਿਚ ਉਭਰ ਕੇ ਸਾਹਮਣੇ ਆਇਆ ਹੈ। ਪੰਜਾਬੀ ਦੇ ਇੰਨ੍ਹਾਂ ਆਲੋਚਕਾਂ ਦਾ ਸਾਰਾ ਅਮਲ ਮਾਰਕਸਵਾਦ-ਵਿਰੋਧੀ ਸੁਰ ਨੂੰ ਉਭਾਰਨਾ ਹੈ ਤੇ ਇਸ ਕ੍ਰਿਆਸ਼ੀਲਤਾ ਵਿਚ ਬੁਰਜੁਆ ਜੀਵਨ ਕੀਮਤਾਂ ਦਾ ਸਹਾਰਾ ਬਣਨਾ ਹੈ।

ਡਾ: ਰਵੀ ਦੇ ਇੰਨ੍ਹਾਂ ਨਿਬੰਧਾਂ ਨੂੰ ਸੁਖਾਲਿਆਂ ਹੀ ਤਿੰਨਾਂ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਡਾ: ਰਵੀ ਨੇ ਪੰਜਾਬੀ ਆਲੋਚਨਾ ਦੀ ਸਥਿਤੀ ਤੇ ਮਾਰਕਸਵਾਦੀ ਸੁਹਜ ਸ਼ਾਸਤਰ ਦੇ ਦ੍ਰਿਸ਼ਟੀਕੋਣ ਤੋਂ ਪੰਜਾਬ ਦੇ ਕਲਚਰਲ ਇਤਿਹਾਸ ਬਾਰੇ ਕੁਝ ਸਿਧਾਂਤਕ ਬਹਿਸ ਕੀਤੀ ਹੈ। ਇਸ ਤੋਂ ਇਲਾਵਾ ਆਲੋਚਨਾ ਦੇ ਸੁਭਾਅ ਨੂੰ ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਸਮਝਣ ਦਾ ਜਤਨ ਕੀਤਾ ਹੈ। ਡਾ: ਰਵੀ ਮੁਤਾਬਕ ਸਾਹਿਤਕ-ਕਿਰਤ ਦੀ ਤਰ੍ਹਾਂ ਆਲੋਚਨਾ ਵੀ ਇਕ ਵਿਚਾਰਧਾਰਕ ਮਸਲਾ ਹੀ ਹੈ। ਦੂਸਰੇ ਭਾਗ ਵਿਚ ਡਾ: ਰਵੀ ਨੇ ਨਵ-ਅਮਰੀਕੀ ਆਲੋਚਨਾ ਦੇ ਉਦੈ ਸੰਬੰਧੀ ਕੁਝ ਚਰਚਾ ਕੀਤੀ ਹੈ। ਇਸ ਚਰਜਾ ਅਧੀਨ ਨਵ-ਅਮਰੀਕੀ ਆਲੋਚਨਾ ਦੀ ਪਿਠ ਭੂਮੀ ਨੂੰ ਸਮਝਣ ਦਾ ਜਤਨ ਕੀਤਾ ਹੈ। ਇਸ ਆਲੋਚਨਾ ਪ੍ਰਣਾਲੀ ਦੇ ਪਿਛੋਕੜ ਵਿਚ ਕੰਮ ਕਰ ਰਹੇ ਪ੍ਰਮੁੱਖ ਆਲੋਚਕਾਂ ਦੇ ਵਿਚਾਰਾਂ ਨੂੰ ਤੇ ਉਨ੍ਹਾਂ ਦੇ ਆਲੋਚਨਾਤਮਕ ਸੰਕਲਪਾਂ ਨੂੰ ਸਪਸ਼ਟ ਕੀਤਾ ਹੈ। ਉਦਾਹਰਨ ਵਜੋਂ ਟੀ. ਈ. ਹਿਊਗ, ਐਜ਼ਰਾ ਪਾਊਂਡ, ਜੇ. ਐਮ. ਮਰੇ, ਇਰਵਿੰਗ ਬੈਬਿਟ, ਟੀ. ਐਸ. ਇਲੀਅਟ ਤੇ ਆਈ. ਏ. ਰਿਚਰਡਜ਼! ਇਸ ਪਿਛੋਕੜ ਨੂੰ ਸਮਝਣ ਉਪਰੰਤ ਇਸ ਪ੍ਰਣਾਲੀ ਨਾਲ ਸੰਬੰਧਿਤ ਪ੍ਰਮੁੱਖ ਆਲੋਚਕਾਂ ਨੂੰ ਤੇ ਉਨ੍ਹਾਂ ਦੀਆਂ ਪ੍ਰਮੁੱਖ ਪੁਸਤਕਾਂ ਨੂੰ ਤਰਤੀਬਵਾਰ ਡਾ: ਰਵੀ ਨੇ ਆਪਣੀ ਬਹਿਸ ਦਾ ਆਧਾਰ ਬਣਾਇਆ ਹੈ। ਇਸ ਕਾਰਜਸ਼ੀਲਤਾ ਵਿਚ ਲੇਖਕ ਨੇ ਕਿਸੇ ਇਕ ਆਲੋਚਕ ਦੁਆਰਾ ਪੇਸ਼ ਆਲੋਚਨਾਤਮਕ ਸੰਕਲਪਾਂ ਦੀ ਦੂਸਰੇ ਆਲੋਚਕਾਂ ਦੁਆਰਾ ਪੇਸ਼ ਆਲੋਚਨਾਤਮਕ ਸੰਕਲਪਾਂ ਨਾਲ ਸਾਂਝ ਤੇ ਭਿੰਨਤਾਂ ਨੂੰ ਵੀ ਆਪਣੇ ਵਿਵੇਕ ਦਾ ਆਧਾਰ ਬਣਾਇਆ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਨਵ-ਅਮਰੀਕੀ ਆਲੋਚਨਾ ਦੀ ਇਸ ਪ੍ਰਣਾਲੀ ਦੇ ਪ੍ਰਮੁੱਖ ਆਲੋਚਕਾਂ ਦੇ ਵਿਚਾਰਾਂ ਦੀ ਆਪਸ ਵਿਚ ਕਾਫੀ ਸਾਂਝ ਹੈ। ਡਾ: ਰਵੀ ਨੇ ਇਸ ਸਾਂਝ ਨੂੰ ਸਾਂਸਕ੍ਰਿਤਕ ਜੀਵਨ ਕੀਮਤਾਂ ਤੇ ਵਿਸ਼ਵ ਦ੍ਰਿਸ਼ਟੀਕੋਣ ਦੇ ਪ੍ਰਸੰਗ ਵਿਚ ਸਮਝਣ ਦਾ ਜਤਨ ਕੀਤਾ ਹੈ।

ਤੀਸਰੇ ਭਾਗ ਵਿਚ ਡਾ: ਰਵੀ ਨੇ ਨਵ-ਅਮਰੀਕੀ ਆਲੋਚਨਾ ਦੀ ਇਸ ਪ੍ਰਣਾਲੀ ਨੂੰ ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਸਮਝਣ ਦਾ ਜਤਨ ਕੀਤਾ ਹੈ। ਇਸ ਕਾਰਜਸ਼ੀਲਤਾ ਵਿਚ ਪੱਛਮ ਦੇ ਕੁਝ ਪ੍ਰਮੁੱਖ ਆਲੋਚਕਾਂ ਦੇ ਵਿਚਾਰਾਂ ਨੂੰ ਵੀ ਪੇਸ਼ ਕੀਤਾ ਗਿਆ ਹੈ ਜਿੰਨ੍ਹਾਂ ਆਲੋਚਕਾਂ ਨੇ ਇਸ ਪ੍ਰਣਾਲੀ ਦੀਆਂ ਖ਼ਾਮੀਆਂ ਨੂੰ ਸਮਝਣ ਦਾ ਜਤਨ ਕੀਤਾ ਹੈ। ਭਾਵੇਂ ਉਨ੍ਹਾਂ ਆਲੋਚਕਾਂ ਵਿਚੋਂ ਕਿਸੇ ਨੂੰ ਵੀ ਸਫਲਤਾ

ਹਾਸਲ ਨਹੀਂ ਹੋਈ ਪਰ ਇਸ ਵਿਚ ਵੀ ਕੋਈ ਸ਼ਕ ਦੀ ਗੁੰਜਾਇਸ਼ ਨਹੀਂ ਕਿ ਉਹ ਇਸ ਪ੍ਰਣਾਲੀ ਦੇ ਵਿਚਾਰਧਾਰਕ ਅਮਲ ਨੂੰ ਸਮਝਣ ਲਈ ਗਤੀਸ਼ੀਲ ਜ਼ਰੂਰ ਹੋਏ । Terence Hawks ਦੀ ਨਵ-ਅਮਰੀਕੀ ਆਲੋਚਨਾ ਸੰਬੰਧੀ ਅਪਣਾਈ ਪਹੁੰਚ ਤੋਂ ਵੀ ਇਹ ਗਲ ਸਾਫ਼ ਜ਼ਾਹਿਰ ਹੈ । ਪਰ ਇਸ ਸਭ ਕੁਝ ਦੇ ਬਾਵਜੂਦ ਵੀ ਪੂਰਨ ਸਫਲਤਾ ਉਨ੍ਹਾਂ ਦੇ ਹੱਥ ਨਹੀਂ ਲੱਗੀ । ਇਸ ਪ੍ਰਣਾਲੀ ਦਾ ਭਰਪੂਰ ਮੁਲਾਂਕਣ ਡਾ: ਰਵੀ ਨੇ ਆਪਣੇ ਨਿਬੰਧਾਂ ਦੇ ਅੰਤਰਗਤ ਕੀਤਾ ਹੈ । ਇਸ ਦਾ ਇਕ ਕਾਰਨ ਇਹ ਵੀ ਕਿ ਡਾ: ਰਵੀ ਨੂੰ ਇਸ ਪ੍ਰਣਾਲੀ ਦੇ ਸਮਕਾਲੀਨ ਕੁਝ ਹੋਰ ਚਲ ਰਹੀਆਂ ਆਲੋਚਨਾ ਪ੍ਰਣਾਲੀਆਂ ਸੰਬੰਧੀ ਵੀ ਵਿਸ਼ੇਸ਼ਗਤਾ ਹਾਸਲ ਹੈ । ਉਦਾਹਰਨ ਵਜੋਂ ਰੂਸੀ ਰੂਪਵਾਦ, ਸੰਰਚਨਾਵਾਦ, ਅਸਤਿਤਵਵਾਦ ਤੇ ਚਿਹਨ-ਵਿਗਿਆਨ ਪ੍ਰਣਾਲੀ । ਇਸ ਤੋਂ ਵੀ ਵੱਡੀ ਗੱਲ ਇਹ ਡਾ: ਰਵੀ ਪਾਸ ਉਪਰੋਕਤ ਵਿਸ਼ੇਸ਼ਗਤਾ ਵਿਚੋਂ ਪੰਜਾਬੀ ਦਾ ਕੋਈ ਆਪਣਾ ਮੌਲਿਕ ਤੇ ਨਵਾਂ ਮਾਡਲ ਉਸਾਰ ਸਕਣ ਦੀ ਚੇਤਨਾ ਵੀ ਹੈ । ਕੁਲ ਮਿਲਾ ਕੇ ਡਾ: ਰਵੀ ਨੇ ਇਨ੍ਹਾਂ ਨਿਬੰਧਾਂ ਵਿਚ ਨਾ ਕੇਵਲ ਨਵ-ਅਮਰੀਕੀ ਆਲੋਚਨਾ ਦਾ ਭਰਪੂਰ ਵਿਸ਼ਲੇਸ਼ਣ ਹੀ ਕੀਤਾ ਹੈ ਸਗੋਂ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਇਸ ਪ੍ਰਣਾਲੀ ਦੁਆਰਾ ਅਪਣਾਏ ਵਿਚਾਰਧਾਰਕ ਹਿੱਤ ਨੂੰ ਵੀ ਸਪਸ਼ਟ ਕੀਤਾ ਹੈ । ਤੇ ਇਹ ਕਾਰਜ ਨਿਰਸੰਦੇਹ ਇਕ ਸੁਚੱਜੇ ਤੇ ਗੁੜ੍ਹੇ ਆਲੋਚਕ ਦਾ ਹੀ ਕਾਰਜ ਹੈ ।

—ਜਗਮੋਹਨ ਸਿੰਘ ਜੱਗੀ

---

## ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ ਬਹਾਦਰ ਦੀ ਬਾਨੀ ਦੀ ਵਿਆਖਿਆ ਵਾਲੇ ਲੇਖ ਵੀ ਹਨ । ਸਫ਼ੇ 200, ਸੁੰਦਰ ਦਿੱਖ, ਮੁਲ : 15 ਰੁਪੈ, (ਪੇਪਰ ਬੈਕ); 25 ਰੁਪੈ (ਡੀਲਕਸ)

---


Send subscriptions & donations to :

* H. S. Saini
95, Burns Ave.,
Southall, Middx, U.K.

*Parminder Tiwana
1086 Mc Callum Rd.
Abbotsford. B.C.
Canada

Price : Rs. 2.00 per copy
Subscription :
Annual (India) : Rs. 20
U.S.A.. Canada : Rs. 130 (By air)
U.K. : Rs 120 (By Air)
Life membership : Rs. 200 (India)
Rs. 1,000 (Foreign)


---

## ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1979 ਅਤੇ 1980 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ । ਕੀਮਤ ਫੀ ਫਾਈਲ ਪੰਜੀ ਰੁਪੈ । ਰਕਮ ਮਨੀਆਰਡਰ ਦੁਆਰਾ ਭੇਜੋ । ਡਾਕ ਖ਼ਰਚ ਸਾਡਾ ਹੋਵੇਗਾ ।




Compliments of :
GENERAL MARKETING & MANUFACTURING CO. LTD.

Distributors of :

The World's Finest Earthmoving and Construction Equipment

★ TEREX EARTHMOVING EQUIPMENT —
Rear Dumps, Bottom Dumps, Scrapers, Front End Loaders, Crawler Dozers & Rippers.

★ HIND CRAWLER MOUNTED EXCAVATORS & CRANES

★ DEMAG HYDRAULIC EXCAVATORS & AQUADIGGERS

★ GROVE HYDRAULIC CRANES

★ MARION CRAWLER MOUNTED EXCAVATORS, WALKING DRAGLINES AND BLAST HOLE DRILLS

★ GOODMAN BATTERY & DIESEL LOCOMOTIVES & CONWAY MUCKERS FOR TUNNELLING JOBS

★ GRADALL MULTIPURPOSE EXCAVATORS

★ CMI CANAL LINING & ROAD BUILDING EQUIPMENT

★ REX STABILIZATION & COMPACTION EQUIPMENT

★ MARATHON LeTOURNEAU MACHINES —
Loaders, Porters, Spreaders, Stackers, Cranes, Jibs, Forklifts & Piks.

BRANCHES, WORKS AND AGENCIES THROUGHOUT INDIA
Regd. Office : 9/1, R.N. Mukherjee Road, Calcutta

Regional Offices at :
MADRAS ★ CALCUTTA ★ NEW DELHI ★ BOMBAY ★ GOA

23RD NATIONAL PRIZE COMPETITION FOR LITERATURE FOR NEO-LITERATES

Manuscripts are invited from authors for the above competition in the following Indian languages : Assamese, Bengali, Gujarati, Hindi, Kannada, Kashmiri, Malayalam, Marathi, Oriya, Punjabi, Sindhi, Tamil, Telugu and Urdu.

THE PURPOSE of this competition is to encourage creative writers to prepare reading materials (adequately illustrated for persons with limited reading abilities. The manuscripts should not exceed 50 pages typed/legibly written in double-space on one side of foolscap paper.

PRIZES : Sixty-five prizes of Rs. 1,000/- each will be awarded to the authors adjudged best in the said languages.

ELIGIBILITY : Manuscripts entered in any previous competition sponsored by Central/State Government will not be considered. For entry forms and detailed rules, write to the address given below, enclosing self-addressed envelop (24 cm x 10 cm) superscribed (in English/Hindi)"TWENTY-THIRD NATIONAL PRIZE COMPETITION FOR LITERATURE FOR NEO-LITERATES".

ENTRY FEE : Each entry should be accompanised by a crossed Postal Order worth Rs. 5/- payable to "The Director, Directorate of Adult Education' at New Delhi Post Office.

LAST DATE : for receipt (by hand or registered post) of the entries is 31st October, 1981.

**DIRECTORATE OF ADULT EDUCATION**

West Block VIII, Wing No. 7, IInd Floor, R. K. Puram, NEW DELHI-110022

dae

davp 81/85



**WITH BEST COMPLIMENTS**

F
R
O
M

**BOROSIL GLASS WORKS Ltd.**

19/90, CONNAUGHT CIRCUS

NEW DELHI-110001

ਸੇਧ ਦੇ ਕੁਝ ਚੋਣਵੇਂ ਏਜੰਟ

1. ਸਰਵਨ ਸਿੰਘ ਚਰਨ ਸਿੰਘ, ਨਿਊਜ਼ਪੇਪਰ ਏਜੰਟਸ, ਹਾਲ ਗੇਟ, ਅੰਮ੍ਰਿਤਸਰ
2. ਸ਼ਹੀਦ ਭਗਤ ਸਿੰਘ ਬੁਕ ਸੈਂਟਰ, ਬੱਸ ਅੱਡਾ, ਹਰਪੁਰ ਧੰਦੋਈ
3. ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ
4. ਗਗਨ ਬੁੱਕ ਸੈਂਟਰ, ਨਿਕੋਦਰ
5. ਕਮਲ ਬੁਕ ਡਿਪੋ, ਬੱਸ ਅੱਡਾ, ਪਟਿਆਲਾ
6. ਮਦਾਨ ਬੁੱਕ ਡਿਪੋ, ਅਦਾਲਤ ਬਾਜ਼ਾਰ, ਪਟਿਆਲਾ
7. ਪ੍ਰਕਾਸ਼ ਨਾਵਲ ਸਟੋਰ, ਨਜ਼ਦੀਕ ਬੱਸ ਅੱਡਾ, ਜਲੰਧਰ ਸ਼ਹਿਰ
8. ਗੋਪਾਲ ਕ੍ਰਿਸ਼ਨ ਸਿੰਘਾ, ਬੱਸ ਅੱਡਾ, ਬਰਨਾਲਾ
9. ਖੁਸ਼ੀ ਰਾਮ ਨਿਊਜ਼ਪੇਪਰ ਏਜੰਟ, ਸੁਨਾਮ
10. ਸੈਂਟਰਲ ਨਿਊਜ਼ ਏਜੰਸੀ, ਕਨਾਟ ਪਲੇਸ, ਨਵੀਂ ਦਿਲੀ
11. ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ
12. ਵਰਮਾ ਬੁੱਕ ਡਿਪੋ, ਰੇਲਵੇ ਰੋਡ, ਬਠਿੰਡਾ
13. ਇੰਗਲਿਸ਼ ਬੁੱਕ ਡਿਪੋ, 22-ਡੀ ਸੈਕਟਰ. ਚੰਡੀਗੜ੍ਹ
14. ਮਲਹੋਤਰਾ ਨਿਊਜ਼ ਏਜੰਸੀ, ਪੁਰਾਣਾ ਬੱਸ ਅੱਡਾ, ਭਵਾਨੀਗੜ੍ਹ
15. ਖਾਲਸਾ ਨਿਊਜ਼ ਏਜੰਸੀ, ਮੋਗਾ
16. ਮਦਾਨ ਬੁਕ ਸਟਾਲ, ਅੱਡਾ ਪੰਜਾਬ ਰੋਡਵੇਜ਼, ਹੁਸ਼ਿਆਰਪੁਰ
17. ਸੁਰਿੰਦਰ ਨੀਊਜ਼ ਏਜੰਸੀ, ਬੱਸ ਅੱਡਾ, ਜਗਰਾਓਂ
18. ਵਿਨੋਦ ਬੁੱਕ ਸਟਾਲ, ਬੱਸ ਅੱਡਾ, ਸੰਗਰੂਰ
19, ਗੁਪਤਾ ਨਿਊਜ਼ ਏਜੰਸੀ,, ਫਰੀਦਕੋਟ
20. ਪੀਪਲਜ਼ ਬੁੱਕ ਸੈਂਟਰ, ਮੋਗਾ
21. ਕੁਲੈਕਟਿਵ ਬੁਕ ਸਰਵਿਸ, ਐਸ. ਸੀ. ਓ. 57-59, ਸੈਕਟਰ 17 ਸੀ, ਚੰਡੀਗੜ੍ਹ
22. ਪਬਲਿਕ ਨਿਊਜ਼ ਏਜੰਸੀ, ਜੈਤੋ
23. ਪ੍ਰਵੀਨ ਬੁੱਕ ਡਿਪੋ, ਭਗਤਾ ਭਾਈ ਕਾ




## ਮੇਰੀ ਜ਼ਿੰਦਗੀ ਦੇ ਸਭ ਤੋਂ ਪਿਆਰੇ ਸੁਪਨੇ..



## ਇਹਨਾਂ ਸੁਪਨਿਆਂ ਦਾ ਆਧਾਰ ਹੈ ਪੀ. ਐਸ. ਬੀ.

ਇਨਾਂ ਵਿਚੋਂ ਇਕ ਸੁਪਨਾ ਹੈ ਮੇਰੇ ਬੱਚੇ ਦਾ ਸੁਨਹਿਰਾ ਭਵਿੱਖ । ਪਰ ਸਿਰਫ ਸੁਪਨੇ ਹੀ ਸਭ ਕੁਝ ਨਹੀਂ ਹਨ । ਆਉਣ ਵਾਲੇ ਸਮੇਂ ਲਈ ਬਚੱਤ ਵੀ ਜਰੂਰੀ ਹੈ । ਇਸੇ ਕਰਕੇ ਅਸੀਂ ਪੀ. ਐਸ. ਬੀ. ਦੀ ਨਉ ਨਿਧੀ ਸਕੀਮ ਵਿਚ 37, 243-06 ਰੁਪਏ ਜਮ੍ਹਾਂ ਕਰਾਏ ਹਨ । ਅਤੇ 120 ਮਹੀਨਿਆਂ ਦੇ ਸਮੇਂ ਬਾਅਦ ਸਾਨੂੰ ਇਕ ਲੱਖ ਰੁਪਏ ਵਾਪਸ ਮਿਲਣਗੇ । ਸਾਡੀ ਪੀ. ਐਸ. ਬੀ. ਵਿਚ ਜਮ੍ਹਾਂ ਬੱਚਤ ਸਾਡੇ ਬੱਚੇ ਦੇ ਨਾਲ ਨਾਲ ਵਧਦੀ ਰਹੇਗੀ ।

ASP/PSB. 202-80A

ਪੀ ਐਸ ਬੀ—ਸੰਪੂਰਨ ਬੈਂਕ ਸੇਵਾ ਦਾ ਪ੍ਰਤੀਕ
**ਪੰਜਾਬ ਐਂਡ ਸਿੰਧ ਬੈਂਕ**
(ਭਾਰਤ ਸਰਕਾਰ ਦਾ ਇਕ ਅਦਾਰਾ)

SEDH October, 1981
Registered with the Registrar of Newspapers Regd. No. D (SE) 001
for India—Registration No. 23895/72

# COAL FOR FOOD

To the man-on-the-street, coal is for cooking or running a steam engine. To us, it means more food.



Coal...
It's the last thing you'd think that helps grow more food. But, not from now.
For, FCI will soon put on stream two large projects—one each at Talcher and Ramagundam..... to produce nitrogenous fertilizers... from coal!
And these units will be the first of its kind in Asia—a matter of pride for the nation.
With a production capacity of 2,28,000 tons of nitrogen per year, as Urea, both these new plants of FCI will boost the country's food production to an estimated 22,28,000 tons per year.
Yes. There's a lot of food coming in the future... from coal!

FCI
THE FERTILIZER CORPORATION OF INDIA LTD.
Madhuban 55, Nehru Place, New Delhi-110 019